SWITCH INSURANCE
AUTO, HOME & COMMERCIAL
Commercial Vehicle Insurance
Commercial Property Insurance
Commercial General Liability (CGL)
Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 22* Issue 36 | Tuesday, February 21, 2023 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਬਿਲਡਿੰਗ ਵਿੱਚ ਅੱਗ ਲੱਗਣ ਕਾਰਨ ਇੱਕ ਵਿਅਕਤੀ ਦੀ ਹੋਈ ਮੌਤ




ਬਰੈਂਪਟਨ, 20 ਫਰਵਰੀ (ਪੋਸਟ ਬਿਊਰੋ) : ਬਰੈਂਪਟਨ ਵਿੱਚ ਇੱਕ ਰਿਹਾਇਸ਼ੀ ਬਿਲਡਿੰਗ ਵਿੱਚ ਅੱਗ ਲੱਗ ਜਾਣ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ।

ਸੋਮਵਾਰ ਨੂੰ ਸਵੇਰੇ 8:20 ਦੇ ਨੇੜੇ ਤੇੜੇ ਐਮਰਜੰਸੀ ਅਮਲੇ ਨੂੰ ਕੈਨੇਡੀ ਰੋਡ ਤੇ ਤੁਲਾਮੋਰ ਰੋਡਜ਼ ਨੇੜੇ ਸਥਿਤ ਬਿਲਡਿੰਗ ਵਿੱਚ ਅੱਗ ਲੱਗਣ ਦੀ ਜਾਣਕਾਰੀ ਦੇ ਕੇ ਸੱਦਿਆ ਗਿਆ। ਪੀਲ ਪੁਲਿਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਇੱਕ ਵਿਅਕਤੀ ਦੇ ਇਸ ਅੱਗ ਵਿੱਚ ਝੁਲਸ ਜਾਣ ਕਾਰਨ ਉਸ ਨੂੰ ਹਸਪਤਾਲ ਲਿਜਾਇਆ ਗਿਆ। ਪਰ ਬਾਅਦ ਵਿੱਚ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

ਅਜੇ ਤੱਕ ਅੱਗ ਲੱਗਣ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ। ਪੁਲਿਸ ਵੱਲੋਂ ਮੋਟਰਿਸਟਸ ਨੂੰ ਇਸ ਇਲਾਕੇ ਵੱਲ ਨਾ ਜਾਣ ਦੀ ਸਲਾਹ ਦਿੱਤੀ ਗਈ ਹੈ।

## ਤੁਰਕੀ ਵਿੱਚ ਮੁੜ ਆਇਆ ਭੂਚਾਲ, 3 ਹਲਾਕ, ਸੈਂਕੜੇ ਜ਼ਖ਼ਮੀ



ਤੁਰਕੀ, 20 ਫਰਵਰੀ (ਪੋਸਟ ਬਿਊਰੋ) : ਸੋਮਵਾਰ ਨੂੰ ਤੁਰਕੀ ਵਿੱਚ ਇੱਕ ਵਾਰੀ ਫਿਰ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ ਤੇ ਇਸ ਦੌਰਾਨ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ ਜਦਕਿ 200 ਹੋਰ ਜ਼ਖ਼ਮੀ ਹੋ ਗਏ। ਭੂਚਾਲ ਦੀ ਗਤੀ 6.4 ਦੱਸੀ ਜਾਂਦੀ ਹੈ।

ਦੋ ਹਫਤੇ ਪਹਿਲਾਂ ਇੱਥੇ ਆਏ ਜ਼ਬਰਦਸਤ ਭੂਚਾਲ ਵਿੱਚ ਹਜ਼ਾਰਾਂ ਲੋਕ ਮਾਰੇ ਜਾ ਚੁੱਕੇ ਹਨ, ਕਈ ਬਿਲਡਿੰਗਾਂ ਢਹਿ ਢੇਰੀ ਹੋ ਗਈਆਂ, ਲੋਕ ਮਲਬੇ ਵਿੱਚ ਦਬੇ ਹੋਏ ਵੀ ਮਿਲੇ ਜਦਕਿ ਨਾਲ ਲੱਗਦੇ ਸੀਰੀਆ ਵਿੱਚ ਵੀ ਕਈ ਲੋਕਾਂ ਦੇ ਜ਼ਖ਼ਮੀ ਹੋਣ ਦੀਆਂ ਖਬਰਾਂ ਸਨ। ਸੋਮਵਾਰ ਨੂੰ ਆਏ ਇਸ ਭੂਚਾਲ ਦਾ ਕੇਂਦਰ ਤੁਰਕੀ ਦੇ ਹਾਤੇ ਪ੍ਰੋਵਿੰਸ ਵਿੱਚ ਡੈਫਨੇ ਦੱਸਿਆ ਜਾਂਦਾ ਹੈ। ਇਸ ਇਲਾਕੇ ਵਿੱਚ 6 ਫਰਵਰੀ ਨੂੰ 7•8 ਗਤੀ ਦੇ ਆਏ ਭੂਚਾਲ ਕਾਰਨ ਪਹਿਲਾਂ ਹੀ ਕਾਫੀ ਤਬਾਹੀ ਮਚ ਚੁੱਕੀ ਸੀ। ਭੂਚਾਲ ਦੇ ਝਟਕੇ ਸੀਰੀਆ, ਜਾਰਡਨ, ਸਾਈਪਰਸ, ਇਜ਼ਰਾਈਲ ਤੇ ਮਿਸਰ ਤੱਕ ਵੀ ਮਹਿਸੂਸ ਕੀਤੇ ਗਏ ਸਨ। ਇਸ ਤੋਂ ਬਾਅਦ 5•8 ਗਤੀ ਦਾ ਇੱਕ ਹੋਰ ਭੂਚਾਲ ਵੀ ਆਇਆ ਸੀ।

ਤੁਰਕੀ ਦੇ ਗ੍ਰਹਿ ਮੰਤਰੀ ਸੁਲੇਮਾਨ ਸੋਇਲੂ ਨੇ ਆਖਿਆ ਕਿ ਇਸ ਤਾਜ਼ਾ ਭੂਚਾਲ ਵਿੱਚ ਤਿੰਨ ਵਿਅਕਤੀ ਮਾਰੇ ਗਏ ਤੇ 213 ਜ਼ਖ਼ਮੀ ਹੋ ਗਏ। ਇਸ ਦੌਰਾਨ ਤਿੰਨ ਬਿਲਡਿੰਗਾਂ ਨੂੰ ਨੁਕਸਾਨ ਪਹੁੰਚਿਆ ਤੇ ਇਨ੍ਹਾਂ ਦੇ ਮਲਬੇ ਵਿੱਚ ਛੇ ਲੋਕਾਂ ਦੇ ਫਸੇ ਹੋਣ ਦਾ ਖਦਸ਼ਾ ਹੈ। ਇਨ੍ਹਾਂ ਬਿਲਡਿੰਗਾਂ ਵਿੱਚ ਸਰਚ ਤੇ ਰੈਸਕਿਊ ਸਬੰਧੀ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਸੀਰੀਆ ਦੀ ਨਿਊਜ਼ ਏਜੰਸੀ ਸਨਾ ਅਨੁਸਾਰ ਅਲੇਪੋ ਵਿੱਚ ਮਲਬਾ ਡਿੱਗਣ ਕਾਰਨ ਛੇ ਲੋਕ ਜ਼ਖ਼ਮੀ ਹੋ ਗਏ ਜਦਕਿ ਨੌਰਥਵੈਸਟ ਸੀਰੀਆ ਦੀ ਸਿਵਲ ਡਿਫੈਂਸ ਆਰਗੇਨਾਈਜ਼ੇਸ਼ਨ ਵ੍ਹਾਈਟ ਹੈਲਮਟਸ ਅਨੁਸਾਰ 130 ਲੋਕਾਂ ਦੇ ਜ਼ਖ਼ਮੀ ਹੋਣ ਦੀ ਖਬਰ ਹੈ। ਇਸ ਇਲਾਕੇ ਵਿੱਚ ਕਈ ਬਿਲਡਿੰਗਾਂ ਨੂੰ ਨੁਕਸਾਨ ਪਹੁੰਚਣ ਦੀ ਵੀ ਖਬਰ ਹੈ।

ਜ਼ਿਕਰਯੋਗ ਹੈ ਕਿ 6 ਫਰਵਰੀ ਨੂੰ ਆਏ ਭੂਚਾਲ ਕਾਰਨ ਦੋਵਾਂ ਦੇਸ਼ਾਂ ਵਿੱਚ 45000 ਲੋਕ ਮਾਰੇ ਜਾ ਚੁੱਕੇ ਹਨ ਤੇ ਇਨ੍ਹਾਂ ਵਿੱਚੋਂ ਵੱਡੀ ਗਿਣਤੀ ਤੁਰਕੀ ਦੇ ਲੋਕਾਂ ਦੀ ਸੀ। ਇੱਥੇ ਡੇਢ ਮਿਲੀਅਨ ਲੋਕਾਂ ਨੂੰ ਆਰਜ਼ੀ ਸ਼ੈਲਟਰਜ਼ ਵਿੱਚ ਰੱਖਿਆ ਜਾ ਰਿਹਾ ਹੈ। ਤੁਰਕੀ ਦੇ ਅਧਿਕਾਰੀਆਂ ਵੱਲੋਂ ਉਦੋਂ ਤੋਂ ਲੈ ਕੇ ਹੁਣ ਤੱਕ ਭੂਚਾਲ ਦੇ 6,000 ਨਿੱਕੇ ਵੱਡੇ ਝਟਕੇ ਦਰਜ ਕੀਤੇ ਜਾ ਚੁੱਕੇ ਹਨ।

## ਬਾਇਡਨ ਅਨਐਲਾਨੇ ਦੌਰੇ ਉੱਤੇ ਕੀਵ ਪਹੁੰਚੇ



ਕੀਵ, ਯੂਕਰੇਨ, 20 ਫਰਵਰੀ (ਪੋਸਟ ਬਿਊਰੋ) : ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਵੱਲੋਂ ਸੋਮਵਾਰ ਨੂੰ ਰਾਸ਼ਟਰਪਤੀ ਵੋਲੋਦੀਮੀਰ ਜ਼ੈਲੈਂਸਕੀ ਨਾਲ ਮੁਲਾਕਾਤ ਲਈ ਯੂਕਰੇਨ ਦਾ ਅਨਐਲਾਨਿਆ ਦੌਰਾ ਕੀਤਾ ਗਿਆ। ਬਾਇਡਨ ਵੱਲੋਂ ਇਹ ਦੌਰਾ ਰੂਸ ਵੱਲੋਂ ਯੂਕਰੇਨ ਉੱਤੇ ਇੱਕ ਸਾਲ ਪਹਿਲਾਂ ਕੀਤੀ ਗਈ ਚੜ੍ਹਾਈ ਦਾ ਇੱਕ ਸਾਲ ਪੂਰਾ ਹੋਣ ਦੇ ਮੱਦੇਨਜ਼ਰ ਕੀਤਾ ਗਿਆ। ਇਸ ਦੌਰੇ ਨੂੰ ਅਮਰੀਕਾ ਦੀ ਯੂਕਰੇਨ ਨਾਲ ਇੱਕਜੁੱਟਤਾ ਦਾ ਪ੍ਰਤੀਕ ਵੀ ਮੰਨਿਆ ਜਾ ਰਿਹਾ ਹੈ।

ਯੂਕਰੇਨ ਦੀ ਰਾਜਧਾਨੀ ਕੀਵ ਵਿੱਚ ਬਾਇਡਨ ਨੇ ਪੰਜ ਘੰਟੇ ਬਿਤਾਏ। ਇੱਥੇ ਉਨ੍ਹਾਂ ਮੈਰਿੰਸਕੀ ਪੈਲੇਸ ਵਿਖੇ ਜ਼ੈਲੈਂਸਕੀ ਨਾਲ ਮੁਲਾਕਾਤ ਕੀਤੀ, ਦੇਸ਼ ਦੇ ਸ਼ਹੀਦ ਹੋਏ ਸੈਨਿਕਾਂ ਨੂੰ ਸ਼ਰਧਾਂਜਲੀ ਦਿੱਤੀ ਤੇ ਜੰਗ ਦੇ ਝੰਬੇ ਇਸ ਦੇਸ਼ ਵਿੱਚ ਅਮਰੀਕੀ ਸਫਾਰਤਖ਼ਾਨੇ ਦੇ ਸਟਾਫ ਨਾਲ ਵੀ ਮੁਲਾਕਾਤ ਕੀਤੀ। ਇਸ ਮੌਕੇ ਬਾਇਡਨ ਨੇ ਆਖਿਆ ਕਿ ਰੂਸ ਵੱਲੋਂ ਵਿੱਢੀ ਜੰਗ ਨੂੰ ਇੱਕ ਸਾਲ ਦਾ ਸਮਾਂ ਹੋ ਗਿਆ ਹੈ ਤੇ ਯੂਕਰੇਨ ਅਜੇ ਵੀ ਅਟਲ ਹੈ ਤੇ ਜਮਹੂਰੀਅਤ ਸੀਨਾ ਤਾਣ ਕੇ ਲੜ ਰਹੀ ਹੈ। ਉਨ੍ਹਾਂ ਜ਼ੈਲੈਂਸਕੀ ਨੂੰ ਸੰਬੋਧਤ ਹੁੰਦਿਆਂ ਆਖਿਆ ਕਿ ਅਮੈਰੀਕਨਜ਼ ਤੇ ਦੁਨੀਆ ਤੁਹਾਡੇ ਨਾਲ ਹੈ।

ਰੂਸ ਵੱਲੋਂ ਯੂਕਰੇਨ ਖਿਲਾਫ ਵਿੱਢੀ ਗਈ ਇਸ ਜੰਗ ਨੂੰ ਇੱਕ ਸਾਲ ਦਾ ਸਮਾਂ ਹੋ ਚੱਲਿਆ ਹੈ ਤੇ ਜ਼ੈਲੈਂਸਕੀ ਵੱਲੋਂ ਆਪਣੇ ਭਾਈਵਾਲਾਂ ਨੂੰ ਹਥਿਆਰਾਂ ਦੀ ਡਲਿਵਰੀ ਜਲਦ ਤੋਂ ਜਲਦ ਕਰਨ ਲਈ ਅਪੀਲ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਪੱਛਮੀ ਦੇਸ਼ਾਂ ਨੂੰ ਜਲਦ ਲੜਾਕੂ ਜਹਾਜ਼ ਮੁਹੱਈਆ ਕਰਵਾਉਣ ਲਈ ਵੀ ਆਖਿਆ ਜਾ ਰਿਹਾ ਹੈ। ਪਰ ਇੱਥੇ ਦੱਸਣਾ ਬਣਦਾ ਹੈ ਕਿ ਬਾਇਡਨ ਵੱਲੋਂ ਇਹ ਲੜਾਕੂ ਜਹਾਜ਼ ਦੇਣ ਤੋਂ ਅਜੇ ਤੱਕ ਟਾਲਾ ਵੱਟਿਆ ਜਾਂਦਾ ਰਿਹਾ ਹੈ।

ਇਸ ਦੌਰਾਨ ਕੀਵ ਵਿੱਚ ਬਾਇਡਨ ਨੇ ਅੱਧਾ ਬਿਲੀਅਨ ਡਾਲਰ ਹੋਰ ਯੂਕਰੇਨ ਨੂੰ ਦੇਣ ਦਾ ਐਲਾਨ ਕੀਤਾ। ਇਸ ਤੋਂ ਪਹਿਲਾਂ ਅਮਰੀਕਾ 50 ਬਿਲੀਅਨ ਡਾਲਰ ਯੂਕਰੇਨ ਨੂੰ ਮੁਹੱਈਆ ਕਰਵਾ ਚੁੱਕਿਆ ਹੈ। ਜ਼ੈਲੈਂਸਕੀ ਨੇ ਆਖਿਆ ਕਿ ਬਾਇਡਨ ਨਾਲ ਉਨ੍ਹਾਂ ਦੀ ਗੱਲਬਾਤ ਕਾਫੀ ਅਰਥਭਰਪੂਰ ਰਹੀ।

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI
416.994.7272
www.allkindinsurance.com

ਨੈਨੀ ਦੀ ਲੋੜ
ਬਰੈਂਪਟਨ ਵਿਚ ਘਰ ਦਾ ਕੰਮ ਕਰਨ ਲਈ ਨੈਨੀ ਦੀ ਲੋੜ ਹੈ।
ਸੰਪਰਕ ਕਰੋ:
416-556-6884

INSURANCE
Home, Auto, Business, Trucking, Life Insurance, Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL
Insurance Advisor
416-724-5000

GURBIR CHAHAL
Sales Representative
416.566.7605
gurbir.chahal@yahoo.com
ROYAL LEPAGE Flower City Realty Off: 905.230.3100

ਰੈਸਟੋਰੈਂਟ ਪੈਟਿਓ ਫੂਡ ਕਾਊਂਟਰ
Gerrard India Bazar, Toronto
ਗਰਮੀਆਂ ਦੇ ਵਿੱਚ ਪਰਾਫਿਟ ਲਈ ਸੁਨਹਿਰਾ ਮੌਕਾ
1 ਮਈ ਤੋ 31 ਅਕਤੂਬਰ ਤੱਕ ਕਾਂਟਰੈਕਟ ਜਾਂ ਲੀਜ਼ ਕਰੋ:
call kumar: 437-925-4585
or email: startup2023abusiness@gmail.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

HURRY NOW
OURR HOME & APPLIANCES
COURR-2302FLYER
LIMITED TIME PROMO CODE
use our code for additional discount
Best deals on LUXURY KITCHEN APPLIANCES
100% Satisfaction Guaranteed
Authorized dealer for ALL MAJOR BRANDS
Unboxed units & new in-box units available
PRICE BEAT guarantee
DELIVERY now available
KitchenAid moffat MAYTAG LG Electrolux JENNAIR GE AMANA BOSCH Whirlpool SAMSUNG FRIGIDAIRE CAPITAL
UNIT #1, 241 CLARENCE ST BRAMPTON, ON L6W 3E7 (416) 551 3343
44 FASKEN DR. #2-9 ETOBICKOKE, ON M9W 5M8 (416) 792-0877
UNIT #6 410 LEWIS RD, STONEY CREEK, ON L8E 5Y7 (905) 643 0818
UNIT #4 -1540 FANSHAWE PARK ROAD WEST, LONDON, ON N6H 5L8 (519) 641-1010
5781 HIGHWAY 7 UNIT 10, VAUGHAN, ON L4L 178 (416) 477 5556
1050 SPEERS ROAD, OAKVILLE, ON, L6L 2X4 (416) 613 0555
416-551-5553 www.ourrhomeappliances.com

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

Law Office of Aman Sharma
Real Estate -Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types · Walkie pallet Low Lift · Electric Motor Narrow Aisle Reach · Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਫੀਮੇਲ ਇੰਸਟਰੱਕਟਰ
647-998-7500 ਬਲਵਿੰਦਰ

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
AvonFinancial Inc. Brokerage Lic.12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
Real Estate Law • Business Law
Wills & Estates • Family Law
Power of Attorney • Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

## ਫੈਂਸ ਤੇ ਗੈਸ ਲਾਈਨ ਨਾਲ ਗੱਡੀ ਟਕਰਾ ਜਾਣ ਕਾਰਨ ਗੈਸ ਹੋਈ ਲੀਕ




ਟੋਰਾਂਟੋ, 20 ਫਰਵਰੀ (ਪੋਸਟ ਬਿਊਰੋ) : ਇੱਕ ਗੱਡੀ ਦੇ ਫੈਂਸ ਤੇ ਗੈਸ ਲਾਈਨ ਨਾਲ ਟਕਰਾ ਜਾਣ ਕਾਰਨ ਰੋਜ਼ਬੈਂਕ ਡਰਾਈਵ ਤੇ ਮਾਰਖਮ ਰੋਡ ਏਰੀਆ ਨੇੜੇ ਗੈਸ ਲੀਕ ਹੋਣ ਦੀ ਸ਼ਿਕਾਇਤ ਮਿਲੀ।

ਟੋਰਾਂਟੋ ਪੁਲਿਸ ਤੇ ਫਾਇਰ ਸਰਵਿਸਿਜ਼ ਦੁਪਹਿਰੇ 2:00 ਵਜੇ ਮੌਕੇ ਉੱਤੇ ਪਹੁੰਚੇ ਕਿਉਂਕਿ ਗੈਸ ਲੀਕ ਕਾਰਨ ਨੇੜਲੀਆਂ ਇਮਾਰਤਾਂ ਨੂੰ ਖਾਲੀ ਕਰਵਾ ਲਿਆ ਗਿਆ। ਇਨ੍ਹਾਂ ਬਿਲਡਿੰਗਜ਼ ਨੂੰ ਖਾਲੀ ਕਰਨ ਵਾਲੇ ਲੋਕਾਂ ਨੂੰ ਨੇੜੇ ਹੀ ਡੇਅਕੇਅਰ ਵਿੱਚ ਪਨਾਹ ਦਿੱਤੀ ਗਈ। ਨੈਸ਼ਨਲ ਗੈਸ ਕੰਪਨੀ ਐਨਬ੍ਰਿੱਜ ਨੇ ਆਖਿਆ ਕਿ ਗੈਸ ਲੀਕੇਜ ਨੂੰ ਰੋਕਣ ਲਈ ਕੁੱਝ ਘੰਟਿਆਂ ਦਾ ਸਮਾਂ ਲੱਗ ਸਕਦਾ ਹੈ ਕਿਉਂਕਿ ਗੈਸ ਬੰਦ ਕਰਨ ਲਈ ਉਨ੍ਹਾਂ ਨੂੰ ਵਾਲਵ ਤੱਕ ਪਹੁੰਚਣਾ ਪਵੇਗਾ।

ਇਸ ਘਟਨਾ ਕਾਰਨ ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਖਬਰ ਨਹੀਂ ਹੈ ਕਿਉਂਕਿ ਇਸ ਇਲਾਕੇ ਦੀਆਂ ਸਾਰੀਆਂ ਸੜਕਾਂ ਸਮਾਂ ਰਹਿੰਦਿਆਂ ਹੀ ਬੰਦ ਕਰ ਦਿੱਤੀਆਂ ਗਈਆਂ ਸਨ।

## ਮਾਰਡੀ ਗ੍ਰਾ ਪਰੇਡ ਦੌਰਾਨ ਚੱਲੀਆਂ ਗੋਲੀਆਂ, 5 ਜ਼ਖ਼ਮੀ




ਨਿਊ ਆਰਲੀਅਨਜ਼, 20 ਫਰਵਰੀ (ਪੋਸਟ ਬਿਊਰੋ) : ਨਿਊ ਆਰਲੀਅਨਜ਼ ਵਿੱਚ ਮਾਰਡੀ ਗ੍ਰਾ ਪਰੇਡ ਦੌਰਾਨ ਚਲਾਈਆਂ ਗਈਆਂ ਗੋਲੀਆਂ ਕਾਰਨ ਪੰਜ ਵਿਅਕਤੀ ਜ਼ਖ਼ਮੀ ਹੋ ਗਏ ਜਦਕਿ ਮਸ਼ਕੂਕ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ।

ਇੱਕ ਨਿੱਕੀ ਬੱਚੀ ਸਮੇਤ ਇਸ ਘਟਨਾ ਵਿੱਚ ਇੱਕ ਮਹਿਲਾ ਤੇ ਤਿੰਨ ਪੁਰਸ਼ ਵੀ ਜ਼ਖ਼ਮੀ ਹੋਏ ਹਨ। ਐਤਵਾਰ ਰਾਤ ਨੂੰ ਕ੍ਰਿਊ ਆਫ ਬਾਕਸ ਪਰੇਡ ਦੌਰਾਨ ਗੋਲੀ ਚੱਲਣ ਦੀ ਵਾਪਰੀ ਇਸ ਘਟਨਾ ਤੋਂ ਬਾਅਦ ਜ਼ਖ਼ਮੀਆਂ ਨੂੰ ਹਸਪਤਾਲ ਲਿਜਾਇਆ ਗਿਆ। ਚੀਫ ਡਿਪਟੀ ਹਾਂਸ ਗੈਂਥੀਅਰ ਅਨੁਸਾਰ ਜ਼ਖ਼ਮੀਆਂ ਵਿੱਚੋਂ ਇੱਕ ਦੀ ਹਾਲਤ ਨਾਜ਼ੁਕ ਹੈ। ਪੁਲਿਸ ਨੇ ਦੱਸਿਆ ਕਿ ਇੱਕ ਵਿਅਕਤੀ ਨੂੰ ਮੌਕੇ ਉੱਤੇ ਹੀ ਨਜ਼ਰਬੰਦ ਕਰ ਲਿਆ ਗਿਆ। ਉਸ ਕੋਲੋਂ ਦੋ ਗੰਨਜ਼ ਬਰਾਮਦ ਹੋਈਆਂ। ਪਰ ਪੁਲਿਸ ਨੇ ਦੱਸਿਆ ਕਿ ਕਿਸੇ ਹੋਰ ਦੇ ਇਸ ਘਟਨਾ ਵਿੱਚ ਸ਼ਾਮਲ ਜਾਂ ਨਾ ਸ਼ਾਮਲ ਹੋਣ ਬਾਰੇ ਸਥਿਤੀ ਸਪਸ਼ਟ ਨਹੀਂ ਹੋ ਸਕੀ ਹੈ।

## ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਗੰਭੀਰ ਜ਼ਖ਼ਮੀ




ਮਿਸੀਸਾਗਾ, 20 ਫਰਵਰੀ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਵਿਅਕਤੀ ਹਸਪਤਾਲ ਵਿੱਚ ਜੇਰੇ ਇਲਾਜ ਹੈ।

ਇਹ ਹਾਦਸਾ ਸੋਮਵਾਰ ਨੂੰ ਦੁਪਹਿਰੇ 2:00 ਵਜੇ ਤੋਂ ਪਹਿਲਾਂ ਲੇਕਸ਼ੋਰ ਦੇ ਉੱਤਰ ਵੱਲ ਹੁਰੋਂਨਤਾਰੀਓ ਸਟਰੀਟ ਤੇ ਇੰਗਲਵੁੱਡ ਡਰਾਈਵ ਉੱਤੇ ਵਾਪਰਿਆ। ਰਾਹਗੀਰ ਨੂੰ ਜ਼ਖ਼ਮੀ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ ਪਰ ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ।

ਪੀਲ ਪੁਲਿਸ ਨੇ ਦੱਸਿਆ ਕਿ ਇਸ ਹਾਦਸੇ ਵਿੱਚ ਸ਼ਾਮਲ ਗੱਡੀ ਦਾ ਡਰਾਈਵਰ ਸਹਿਯੋਗ ਕਰ ਰਿਹਾ ਹੈ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਅੱਜ ਨਾਮਾ

ਨਵੀਂ ਲਿਸਟ ਬਣਾਈ ਇੱਕ ਕਾਂਗਰਸੀਆਂ,
ਚੋਣਵੇਂ ਲੀਡਰ ਨੇ ਏਸ ਵਿੱਚ ਪਾਏ ਬੇਲੀ।
ਪ੍ਰਿਅੰਕਾ ਗਾਂਧੀ ਦੇ ਨਾਲ ਆ ਸਿਖਰ ਵਾਲੇ,
ਪਹਿਲਿਆਂ ਬਾਰਾਂ ਦੇ ਵਿੱਚ ਲਿਖਾਏ ਬੇਲੀ।
ਤੇਰ੍ਹਵੇਂ ਨੰਬਰ'ਤੇ ਆ ਗਿਆ ਨਾਂਅ ਮਾੜਾ,
ਜੀਹਨੇ ਕਈਆਂ ਦੇ ਸਿਰ ਚਕਰਾਏ ਬੇਲੀ।
ਟਾਈਟਲਰ ਨਾਂਅ ਦਾ ਭਾਰੀ ਬਦਨਾਮ ਬੰਦਾ,
ਲੀਡਰਾਂ ਵਿੱਚ ਉਹ ਖੜਾ ਮੁਸਕਰਾਏ ਬੇਲੀ।
ਗੁਆਇਆ ਰਾਜ ਫਿਰ ਸੜਕ ਸਵਾਰ ਹੋਈ,
ਕਾਂਗਰਸ ਪੱਲੇ ਨਹੀਂ ਬਚੀ ਕੁਝ ਭੱਲ ਬੇਲੀ।
ਮੁੜ-ਮੁੜ ਮਾਰ ਇਸ ਪਾਰਟੀ ਬਹੁਤ ਖਾਧੀ,
ਸਿੱਖਦੀ ਅਕਲ ਦੀ ਹਾਲੇ ਨਹੀਂ ਗੱਲ ਬੇਲੀ।

**ਤੀਸ ਮਾਰ ਖਾਂ**

## ਉੱਠਣ-ਬੈਠਣ ਅਤੇ ਬੋਲਣ ਤੋਂ ਅਸਮਰੱਥ ਸੜਕ ਕਿਨਾਰੇ ਪਏ ਮੰਦ-ਬੁੱਧੀ ਮਰੀਜ਼ ਨੂੰ ਮਿਲੀ ਨਵੀਂ ਜ਼ਿੰਦਗੀ

ਤਿੰਨ-ਚਾਰ ਮਹੀਨਿਆਂ ਤੋਂ ਸਿਵਲ ਹਸਪਤਾਲ ਲੁਧਿਆਣਾ ਦੇ ਨਜ਼ਦੀਕ ਦਿਨ-ਰਾਤ ਚੱਲਦੀਆ ਸੜਕਾਂ ਕਿਨ-ਾਰੇ ਇੱਕ ਮਜ਼ਬੂਰ, ਲਵਾਰਸ, ਮੰਦ-ਬੁੱਧੀ ਹਾਲਤ ਵਿੱਚ ਇੱਕ ਬੇਨਾਮ ਵਿਅਕਤੀ ਰੁਲ਼ ਰਿਹਾ ਸੀ। ਇਸ ਦੀ ਹਾਲਤ ਇੰਨੀ ਖਰਾਬ ਸੀ ਕਿ ਵਾਲ ਖਿਲਰੇ, ਮੈਲੇ-ਕੁਚੈਲੇ ਪਾਟੇ ਕੱਪੜੇ ਅਤੇ ਹੱਥਾਂ ਪੈਰਾਂ ਦੇ ਨਹੁੰ ਬਹੁਤ ਵਧੇ ਹੋਏ ਸਨ। ਉੱਠਣ-ਬੈਠਣ ਤੋਂ ਅਸਮਰੱਥ ਇਹ ਵਿਅਕਤੀ ਮਲ-ਮੂਤਰ ਵੀ ਪਿਆ ਹੀ ਕੱਪੜਿਆਂ ਵਿੱਚ ਕਰਦਾ ਸੀ ਜਿਸ ਕਰਕੇ ਇਸ ਤੋਂ ਬਹੁਤ ਬਦਬੂ ਆ ਰਹੀ ਸੀ। ਬੋਲਣ ਤੋਂ ਵੀ ਅਸਮਰੱਥ ਹੋਣ ਕਰਕੇ ਰੋਟੀ ਆਦਿ ਵੀ ਨਹੀਂ ਮੰਗ ਸਕਦਾ ਸੀ । ਜੇ ਕਰ ਕਿਸੇ ਦੇ ਮਨ 'ਚ ਰਹਿਮ ਆ ਜਾਂਦਾ ਤਾਂ ਖਾਣ ਲਈ ਕੁੱਝ ਦੇ ਜਾਂਦਾ ਨਹੀਂ ਤਾਂ ਭੁੱਖਾ-ਭਾਣਾ ਹੀ ਪਿਆ ਰਹਿੰਦਾ। ਆਸ-ਪਾਸ ਦੇ ਦੁਕਾਨਦ-ਾਰ ਇਸ ਦਾ ਨਾਮ ਬੰਟੀ ਲੈਂਦੇ ਸਨ।



ਸੜਕ ਦੇ ਕਿਨਾਰੇ ਪਿਆ ਬੰਟੀ



ਸਰਾਭਾ ਆਸ਼ਰਮ 'ਚ ਆਉਣ ਤੋਂ ਬਾਅਦ ਬੰਟੀ

11 ਫਰਵਰੀ ਵਾਲੇ ਦਿਨ ਉਸ ਇਲਾਕੇ 'ਚ ਰਹਿਣ ਵਾਲੀ ਸੀਮਾ ਰਾਣੀ ਨਾਮ ਦੀ ਲੜਕੀ ਦੀ ਨਜ਼ਰ ਇਸ ਉੱਤੇ ਪਈ। ਉਸ ਦੇ ਮਨ 'ਚ ਤਰਸ ਆਇਆ । ਉਸ ਨੇ ਹਿੰਮਤ ਕਰਕੇ ਕੁੱਝ ਹੋਰ ਦੁਕਾਨਦਾਰਾਂ, ਰਿਕਸ਼ਾ ਚਾਲਕਾਂ ਅਤੇ ਰਾਹਗੀਰਾਂ ਦੀ ਸਹਾਇਤਾ ਨਾਲ ਇਸ ਦੇ ਵਾਲ ਕੱਟੇ । ਕੁੱਝ ਵਿਅਕਤੀਆਂ ਨੇ ਇਸ ਨੂੰ ਸਿਵਲ ਹਸਪਤਾਲ ਦੇ ਨਜ਼ਦੀਕ ਬਣੇ ਬਾਥਰੂਮ 'ਚ ਲਿਜਾ ਕੇ ਇਸ਼ਾਨਨ ਆਦਿ ਕਰਵਾਇਆ। ਉਸ ਉਪਰੰਤ ਸੀਮਾ ਰਾਣੀ ਨੇ ਦੋ ਹੋਰ ਵਿਅਕਤੀਆਂ ਲਖਵਿੰਦਰ ਸਿੰਘ ਤੇ ਕੇਸਰ ਸਿੰਘ ਦੀ ਸਹਾਇਤਾ ਨਾਲ ਇਸ ਨੂੰ ਸਰਾਭਾ ਪਿੰਡ ਦੇ ਨਜ਼ਦੀਕ ਬਣੇ ਗੁਰੂ ਅਮਰ ਦਾਸ ਅਪਾਹਜ ਆਸ਼ਰਮ 'ਚ ਪੁਚ-ਾਇਆ ਤਾਂ ਜੋ ਇਸਦੀ ਚੰਗੀ ਦੇਖਭਾਲ ਹੋ ਸਕੇ।

ਆਸ਼ਰਮ ਵਿੱਚ ਆਉਣ ਤੋਂ ਬਾਅਦ ਸੇਵਾਦਾਰਾਂ ਵੱਲੋਂ ਇਸ ਦੀ ਦੇਖ-ਭਾਲ ਕੀਤੀ ਗਈ, ਭੋਜਨ ਛਕਾਇਆ ਗਿਆ ਅਤੇ ਸੌਣ ਲਈ ਬਿਸਤਰਾ ਦਿੱਤਾ ਗਿਆ। ਇਹ ਵਿਅਕਤੀ ਉੱਠ-ਬੈਠ ਨਹੀਂ ਸਕਦਾ। ਇਸ ਦੀ ਪਿੱਠ ਉੱਤੇ ਜ਼ਖਮ ਵੀ ਹਨ।

ਆਸ਼ਰਮ ਦੇ ਡਾਕਟਰ ਵੱਲੋਂ ਲੋੜ ਮੁਤਾਬਿਕ ਇਸ ਦੀ ਦਵਾਈ ਸ਼ੁਰੂ ਕਰ ਦਿੱਤੀ ਗਈ ਹੈ। ਉਮੀਦ ਹੈ ਕਿ ਆਸ਼ਰਮ ਵਿੱਚ ਹੋ ਰਹੀ ਚੰਗੀ ਦੇਖਭਾਲ ਸਦਕਾ ਇਸ ਦੀ ਹਾਲਤ 'ਚ ਜਲਦੀ ਹੀ ਸੁਧਾਰ ਹੋ ਜਾਵੇਗਾ।

ਇਸ ਸੰਸਥਾ ਦੇ ਬਾਨੀ ਡਾ.ਨੌਰੰਗ ਸਿੰਘ ਮਾਂਗਟ ਅਤੇ ਪ੍ਰਧਾਨ ਚਰਨ ਸਿੰਘ ਦੇ ਦੱਸਣ ਮੁਤਾਬਕ ਇਸ ਆਸ਼ਰਮ ਵਿੱਚ ਦੋ ਸੌ (200) ਦੇ ਕਰੀਬ ਦਿਮਾਗੀ ਸੰਤੁਲਨ ਗੁਆ ਚੁੱਕੇ ਅਤੇ ਹੋਰ ਬਿਮਾਰੀਆ ਨਾਲ ਪੀੜਤ ਲਾਵਾਰਸ-ਬੇਘਰ ਮਰੀਜ਼ ਰਹਿੰਦੇ ਹਨ ਜਿੰਨ੍ਹਾਂ ਵਿੱਚ ਬਹੁਤ ਸਾਰੇ ਮਰੀਜ਼ ਪੂਰੀ ਤਰਾਂ ਸੁੱਧ-ਬੁੱਧ ਨਾ ਹੋਣ ਕਰਕੇ ਕੱਪੜਿਆਂ ਵਿੱਚ ਹੀ ਮਲ-ਮੂਤਰ ਕਰਦੇ ਹਨ। ਆਸ਼ਰਮ ਵਲੋਂ ਕੀਤੀ ਜਾ ਰਹੀ ਇਹ ਬੇਮਿਸ-ਾਲ ਤੇ ਨਿਰਸਵਾਰਥ ਸੇਵਾ ਗੁਰੂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਚੱਲ ਰਹੀ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜ਼ਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

NATURAL HEALTH SOLUTIONS
Over 20 years Homeopathic/Holistic ways case solving experience
HOMEOPATHY / HOLISTIC ਵਿਧੀ ਰਾਹੀਂ ਬਿਮਾਰੀਆਂ ਦਾ ਇਲਾਜ ਕਰਨ ਦਾ 20 ਸਾਲ ਤੋਂ ਵੱਧ ਦਾ ਤਜ਼ੁਰਬਾ ।
ABDOMINAL, METABOLIC, SKIN ਅਤੇ ਬੱਚਿਆਂ ਨਾਲ ਸੰਬੰਧਿਤ ਬਿਮਾਰੀਆਂ ਜਿਵੇਂ ਕੇ ਭੁੱਖ ਨਾ ਲੱਗਣਾ ਅਤੇ PSYCOLOGICAL ਸੱਮਸਿਆਵਾਂ ਨੂੰ ਠੀਕ ਕਰਨ ਦਾ ਤਜ਼ੁਰਬਾ ।
ਜੇਕਰ ਕਿਤੋਂ ਹੋਰ ਇਲਾਜ ਨਹੀਂ ਹੋਇਆ ਤਾਂ ਸਾਡੇ ਨਾਲ ਸੰਪਰਕ ਕਰੋ –
ਤੁਹਾਡੀ ਭਾਸ਼ਾ ਬੋਲਦੇ – Hindi, Punjabi & English
ASHFAQ AHMAD (M.Sc.)
- Registered Ontario Homeopath
- Holistic Nutritionist
- Certified Herbalist
Phone: 647-779-5904
Address: 8 Camperdown Ave, Etobicoke.
Clinic hours: all appointment basis for client convenience

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

UKTTC UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਪੀੜ੍ਹੀਓ ਪੀੜ੍ਹੀ ਮਿਲਦੀ ਗਿਆਨ ਪੋਟਲੀ ਹੁੰਦੀ ਹੈ ਸਭ ਲਈ ਮਾਂ-ਬੋਲੀ



-ਗੁਰਭਜਨ ਸਿੰਘ ਗਿੱਲ-

ਮਾਂ ਬੋਲੀ ਕੇਵਲ ਵਿਚਾਰ ਆਦਾਨ ਪ੍ਰਦਾਨ ਜਾਂ ਸੰਚਾਰ ਦੀ ਭਸ਼ਾ ਨਹੀਂ ਹੁੰਦੀ ਸਗੋਂ ਇਹ ਧਰਤੀ ਮਾਤਾ ਵੱਲੋਂ ਖਿੱਤਾ ਵਿਸ਼ੇਸ਼ ਦੀਆਂ ਖ਼ੂਬਸੂਰਤੀਆਂ, ਜੰਮਣ ਤੋਂ ਮਰਨ ਤੀਕ ਦੀਆਂ ਰਹੁ ਰੀਤਾਂ, ਉਮੰਗਾਂ ਤਰੰਗਾਂ ਦੇ ਜੀਵਨ ਵਿਹਾਰ ਦੀ ਉਹ ਗਿਆਨ ਤੇ ਵਿਹਾਰ ਦੀ ਪੋਟਲੀ ਹੈ ਜੋ ਪਹਿਲੀ ਪੀੜ੍ਹੀ ਤੋਂ ਫੜ ਕੇ ਅਗਲੀ ਪੀੜ੍ਹੀ ਨੂੰ ਸੌਂਪਣਾ ਸਾਡੇ ਲਈ ਧਰਮ ਕਰਮ ਜਿਹਾ ਨੇਕ ਕਾਰਜ ਹੈ। ਜਿਵੇਂ ਅਸੀਂ ਆਪਣਾ ਮੂੰਹ ਆਪ ਧੋਂਦੇ ਹਾਂ ਉਵੇਂ ਹੀ ਮਾਂ ਬੋਲੀ ਦੇ ਨਕਸ਼ ਵੀ ਸਾਨੂੰ ਆਪ ਹੀ ਸੰਵਾਰਨੇ ਪੈਣਗੇ। ਇਸ ਕਾਰਜ ਲਈ ਹਕੂਮਤਾਂ ਨੇ ਵਿਧਾਨਿਕ ਤੇ ਪ੍ਰਸ਼ਾਸਨਿਕ ਕੰਮ ਕਰਨੇ ਹਨ, ਸਿੱਖਿਆ ਅਦਾਰਿਆਂ, ਧਾਰਮਿਕ, ਸਾਹਿੱਤਕ ਤੇ ਸੱਭਿਆਚਾਰਕ ਸੰਸਥਾਵਾਂ ਨੇ ਲੋਕ ਚੇਤਨਾ ਲਹਿਰ ਦੀ ਉਸਾਰੀ ਕਰਨੀ ਹੈ। ਜਿਹੜੇ ਭੂਤ ਗੱਲਾਂ ਨਾਲ ਨਹੀਂ ਮੰਨਦੇ, ਉਨ੍ਹਾਂ ਲਈ ਡੰਡਾ ਤੰਤਰ ਵੀ ਤਿਆਰ ਬਰ ਤਿਆਰ ਰੱਖਣਾ ਖੇਤਰੀ ਹਕੂਮਤਾਂ ਦਾ ਫ਼ਰਜ਼ ਹੈ। ਪਰ ਮੈਂ ਮਹਿਸੂਸ ਕਰਦਾਂ ਕਿ ਹਰ ਸ਼ੁਭ ਕਾਰਜ ਲਈ ਡੰਡਾ ਕਿਉਂ ਵਰਤਣਾ ਪਵੇ।

ਗੁਰਦਾਸਪੁਰ ਜ਼ਿਲ੍ਹੇ ਦੇ ਇੱਕ ਆਈ ਸੀ ਐੱਸ ਈ ਸਕੂਲ ਦੀ ਕੱਚੀ ਪੱਕੀ ਜਮਾਤ ਚ ਲੱਗੀ ਕਿਤਾਬ ਕਹਿੰਦੀ ਹੈ ਕਿ ਸਾਡੀ ਮਾਂ ਬੋਲੀ ਹਿੰਦੀ ਹੈ। ਇਹ ਕੂੜ ਕੁਫ਼ਰ ਤੁਰੰਤ ਬੰਦ ਕਰਵਾ ਕੇ ਸਿੱਖਿਆ ਵਿਭਾਗ ਵੱਲੋਂ ਸਖ਼ਤ ਦਿਸ਼ਾ ਨਿਰਦੇਸ਼ ਦੇਣੇ ਬਣਦੇ ਹਨ। ਇਸੇ ਤਰ੍ਹਾਂ ਸੀ ਬੀ ਐੱਸ ਈ ਤੇ ਆਈ ਸੀ ਐੱਸ ਈ ਨਾਲ ਸਬੰਧਿਤ ਸਕੂਲਾਂ ਵਿੱਚ ਮਾਤ ਭਾਸ਼ਾ ਨਾਲ ਸਬੰਧਿਤ ਪੁਸਤਕ ਵੀ ਉਸੇ ਸੂਬੇ ਦੇ ਸਕੂਲ ਬੋਰਡ ਵੱਲੋਂ ਤਿਆਰ ਕੀਤੀ ਹੀ ਪੜ੍ਹਾਈ ਜਾਵੇ। ਇੰਜ ਕਰਨ ਨਾਲ ਖੇਤਰੀ ਸੱਭਿਆਚਾਰਕ ਮਹਿਕ ਕਾਇਮ ਰੱਖੀ ਜਾ ਸਕੇਗੀ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸੀਨੀਅਰ ਪੰਜਾਬੀ ਅਧਿਆਪਕ ਨੇ ਦੱਸਿਆ ਹੈ ਪੰਜਾਬ ਦੀਆਂ ਪ੍ਰਾਈਵੇਟ ਯੂਨੀਵਰਸਿਟੀਆਂ ਵਿੱਚ ਗਰੈਜੂਏਟ ਪੱਧਰ ਤੇ ਉਵੇਂ ਪੰਜਾਬੀ ਲਾਜ਼ਮੀ ਵਿਸ਼ੇ ਵਜੋਂ ਨਹੀਂ ਪੜ੍ਹਾਈ ਜਾ ਰਹੀ ਜਿਵੇਂ ਸਰਕਾਰੀ ਤੰਤਰ ਦੀਆਂ ਯੂਨੀਵਰਸਿਟੀਆਂ ਪੜ੍ਹਾਉਂਦੀਆਂ ਹਨ। ਇਹ ਗੱਲ ਜੇਕਰ ਸੱਚ ਹੈ ਤਾਂ ਇਸ ਨੂੰ ਵੀ ਸੂਬਾ ਸਰਕਾਰ ਗੰਭੀਰਤਾ ਨਾਲ ਲਵੇ।

ਪਰ ਅਸੀਂ ਤਾਂ ਆਪਣੇ ਘਰਾਂ, ਪਰਿਵਾਰਾਂ, ਵਪਾਰਾਂ ਅਤੇ ਪਿਆਰਾਂ ਵਿੱਚੋਂ ਵੀ ਹੌਲੀ ਹੌਲੀ ਮਾਂ ਬੋਲੀ ਪੰਜਾਬੀ ਨੂੰ ਦੇਸ਼ ਨਿਕਾਲਾ ਦੇ ਦਿੱਤਾ ਹੈ। ਤੁਸੀਂ ਦਿਨ ਚੜ੍ਹਨ ਤੋਂ ਸੂਰਜ ਅਸਤਣ ਤੀਕ ਆਪਣੀ ਜ਼ਿੰਦਗੀ ਨੂੰ ਖ਼ੁਦ ਵੇਖੋ। ਆਪਣੇ ਘਰ ਤੋਂ ਰੁਜ਼ਗਾਰ ਤੀਕ ਦੇ ਸਫਰ ਦੌਰਾਨ ਤੁਰਦੇ ਫਿਰਦੇ ਨਜ਼ਰ ਮਾਰੋ ਕਿ ਪੰਜਾਬੀ ਕਿਥੇ ਹੈ?

ਤੁਹਾਡੇ ਹੱਥ ਵਿੱਚ ਫੜਿਆ ਤੁਹਾਡਾ ਹੀ ਪਛਾਣ ਪੱਤਰ ਜਿਸ ਨੂੰ ਵਿਜ਼ਟਿੰਗ ਕਾਰਡ ਕਹਿੰਦੇ ਹੋ ਉਹ ਕਿਹੜੀ ਭਾਸ਼ਾ ਵਿੱਚ ਹੈ? ਤੁਹਾਡੇ ਘਰ ਦੀ ਨੰਬਰ ਪਲੇਟ ਅਤੇ ਨਾਮ ਕਿਸ ਭਾਸ਼ਾ ਵਿੱਚ ਹੈ? ਤੁਹਾਡੇ ਬੱਚਿਆਂ ਦੇ ਸਕੂਲ ਵਿੱਚ ਕਿਹੜੀ ਭਾਸ਼ਾ ਦੀ ਸਰਦਾਰੀ ਹੈ ? ਬਾਜ਼ਾਰ ਵਿੱਚ ਹੱਟੀਆਂ ਦੇ ਬੋਰਡ ਕਿਸ ਭਾਸ਼ਾ ਵਿੱਚ ਹਨ। ਹੁਣ ਜੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅਪੀਲ ਕੀਤੀ ਹੈ ਕਿ ਆਪਣੇ ਅਦਾਰਿਆਂ ਦੇ ਨਾਮ ਪੰਜਾਬੀ ਚ ਕਰੋ। ਕੁਝ ਲੋਕਾਂ ਗੱਲ ਤਾਂ ਮੰਨ ਲਈ ਹੈ ਪਰ ਬੋਰਡਾਂ ਦੀ ਲਿਪੀ ਹੀ ਬਦਲੀ ਹੈ। ਲੁਧਿਆਣਾ ਸ਼ਹਿਰ ਦੇ ਬਾਜ਼ਾਰਾਂ ਵਿੱਚ ਕਦੇ ਹੱਟੀਆਂ ਸਨ ਹੁਣ ਪਲਾਜ਼ੇ ਹਨ। ਕਈ ਦੁਕਾਨਾਂ ਦੇ ਫਰੈਂਚ ਤੇ ਅੰਗਰੇਜ਼ੀ ਨਾਮ ਮੈਨੂੰ ਵੀ ਲੈਣੇ ਨਹੀਂ ਆਉਂਦੇ। ਹਨ੍ਹੇਰ ਸਾਈਂ ਦਾ, ਆਪਣੇ ਹੀ ਘਰ ਚ ਬੇਗਾਨੇ ਹੋ ਗਏ।

ਦੱਸਿਉ!ਤੁਹਾਡਾ ਬੱਚਾ ਆਈ ਪੈਡ ਜਾਂ ਟੀ ਵੀ ਤੇ ਕਿਸ ਭਾਸ਼ਾ ਦੇ ਪ੍ਰੋਗਰਾਮ ਦੇਖਦਾ ਹੈ। ਜੇਕਰ ਉਸ ਦਾ ਵੱਸ ਚੱਲੇ ਤਾਂ ਤੁਹਾਨੂੰ ਪੰਜਾਬੀ ਗੀਤ ਜਾਂ ਕੀਰਤਨ ਕਦੇ ਨਾ ਸੁਣਨ ਦੇਵੇ?

ਪਰ ਉਹ ਵੀ ਕੀ ਕਰੇ? ਪੰਜਾਬੀ ਵਿੱਚ ਉਹ ਗਿਆਨ ਸੋਮੇ ਤੇ ਮਨੋਰੰਜਕ ਕਹਾਣੀਆਂ ਕਵਿਤਾਵਾਂ ਤੇ ਕਾਰਟੂਨ ਅਸਾਂ ਵਿਕਸਤ ਹੀ ਨਹੀਂ ਕੀਤੇ। ਅਵੇਸਲੇ ਪਨ ਵਿੱਚ ਖੁੰਝੇ ਤਾਂ ਅਸੀਂਵੀ ਹਾਂ। ਨੌਕਰੀਆਂ ਹੋ ਰਹੀਆਂ ਨੇ, ਸੇਵਾ ਕੌਣ ਕਰੇਗਾ?

ਤੁਸੀਂ ਆਪਣੇ ਤੋਂ ਲੈ ਕੇ ਬੱਚਿਆਂ ਤੀਕ ਦੇ ਪਹਿਰਾਵੇ, ਲੀੜੇ ਕੱਪੜਿਆਂ ਦੇ ਨਾਂ ਸੋਚੋ, ਬਹੁਤੇ ਪੰਜਾਬੀ ਵਿੱਚ ਨਹੀਂ ਹਨ। ਅੰਗਰੇਜ਼ੀ ਜਾਂ ਕਿਸੇ ਹੋਰ ਜ਼ੁਬਾਨ ਤੋਂ ਆਏ ਹਨ। ਬੱਚਿਆਂ ਦੇ ਆਪਸੀ ਵਾਰਤਾਲਾਪ ਨੂੰ ਕਦੀ ਸੁਣਿਓ, ਓਹਲੇ ਬੈਠ ਕੇ। ਉਹ ਤੁਹਾਡੀ ਮਾਂ ਬੋਲੀ ਨੂੰ ਟਿੱਚ ਜਾਣਦੇ ਹਨ। ਉਨ੍ਹਾਂ ਕੋਲ ਆਪਣਾ ਅਨੁਭਵ ਹੈ ਅਤੇ ਉਸ ਅਨੁਭਵ ਦੀ ਭਾਸ਼ਾ ਹਿੰਦੀ ਜਾਂ ਅੰਗਰੇਜ਼ੀ ਬਣਾ ਦਿੱਤੀ ਗਈ ਹੈ। ਪੁੱਤਰ ਧੀਆਂ ਨੂੰ ਵਧੇਰੇ ਕਮਾਊ ਬਣਾਉਣ ਦੀ ਪ੍ਰਵਿਰਤੀ ਕੁਲੀਨ ਵਰਗ ਦੇ ਵਿਦਿਅਕ ਅਦਾਰਿਆਂ ਵਿੱਚ ਪੜ੍ਹਨ ਦੀ ਹੋੜ ਲਾ ਦਿੱਤੀ ਹੈ ਜਿਥੇ ਮਾਂ ਬੋਲੀ ਦਾ ਰੁਤਬਾ ਕਿਸੇ ਨੌਕਰਾਣੀ ਜਾਂ ਗੋਲੀ ਤੋਂ ਵੱਧ ਨਹੀਂ । ਹਕੀਕਤ ਇਹ ਹੈ ਕਿ ਬੱਚਾ ਜੰਮਣ ਸਾਰ ਮਾਪਿਆਂ ਦੀ ਇੱਛਾ ਵਿੱਚ ਇਹ ਗੱਲ ਬੁਰੀ ਤਰਾਂ ਘਰ ਕਰ ਜਾਂਦੀ ਹੈ ਕਿ ਬੱਚੇ ਨੂੰ ਕੀ ਬਣਾਉਣਾ ਹੈ। ਅੱਜਕਲ ਹਰ ਮਾਂ ਡਾਕਟਰ, ਇੰਜੀਨੀਅਰ ਜਾਂ ਬਹੁ ਕੌਮੀ ਕੰਪਨੀ ਦਾ ਮੈਨੇਜਰ ਜੰਮਦੀ ਹੈ ਜਿਸ ਦੀ ਤਨਖਾਹ ਪਹਿਲੀ ਨਿਯੁਕਤੀ ਤੇ ਹੀ ਘੱਟੋ ਘੱਟ ਲੱਖਾਂ ਰੁਪਏ ਹੋਵੇ। ਮਾਂਵਾਂ ਪੁੱਤਰ ਧੀਆਂ ਨਹੀਂ ਜੰਮਦੀਆਂ ਕਮਾਊ ਸੰਦ ਜੰਮਦੀਆਂ ਹਨ ਜਿਹੜੇ ਉਨ੍ਹਾਂ ਦੇ ਬੁਢਾਪੇ ਵੇਲੇ ਵੱਧ ਧਨ ਪ੍ਰਾਪਤੀ ਨਾਲ ਪਰਿਵਾਰਕ ਖੁਸ਼ਹਾਲੀ ਨੂੰ ਯਕੀਨੀ ਬਣਾ ਸਕਣ। ਇਥੋਂ ਹੀ ਭਾਸ਼ਾ ਦਾ ਘਾਣ ਸ਼ੁਰੂ ਹੁੰਦਾ ਹੈ।

ਵਿਰਸੇ ਦੀ ਮਮਤਾ ਪਾਲਣ ਵਾਲੇ ਲੋਕ ਇਹ ਗੱਲ ਜਾਣਦੇ ਹਨ ਕਿ ਪੰਘੂੜੇ ਤੋਂ ਲੈ ਕੇ ਮਾਂ ਬੋਲੀ ਹਰ ਪੈਰ ਤੇ ਤੁਹਾਡੇ ਅੰਗ ਸੰਗ ਰਹਿੰਦੀ ਹੈ ਪਰ ਇਹ ਰਿਸ਼ਤਾ ਤਾਂ ਹੀ ਨਿਭਦਾ ਹੈ ਜੇਕਰ ਮਾਪਿਆਂ ਨੇ ਆਪਣੇ ਜੀਵਨ ਵਿਹਾਰ ਵਿੱਚ ਆਪਣੀ ਮਾਂ ਬੋਲੀ ਲਈ ਸਤਿਕਾਰਯੋਗ ਥਾਂ ਰੱਖੀ ਹੋਈ ਹੈ। ਜੇਕਰ ਮਾਂ ਬੋਲੀ ਬੋਲਦੇ ਬੱਚੇ ਨੂੰ ਸਮਾਜਿਕ ਨਿਜ਼ਾਮ ਨੇ ਉਜੱਡ ਹੀ ਸਮਝਣਾ ਹੈ ਜਾਂ ਬੱਚੇ ਨੂੰ ਕੁਲੀਨ ਵਰਗ ਦੀ ਭਾਸ਼ਾ ਸਿਖਾਉਣ ਲਈ ਤੁਸੀਂ ਆਪਣੀ ਮਾਂ ਬੋਲੀ ਦੀ ਬਲੀ ਦੇਣੀ ਹੈ ਤਾਂ ਬਾਲ ਮਨ ਦੇ ਵਿਕਾਸ ਦੇ ਸਾਰੇ ਮੌਕੇ ਹੀ ਉਸ ਤੋਂ ਖੁੱਸ ਜਾਣੇ ਹਨ। ਮੁੱਢਲੀ ਗੱਲ ਇਹੀ ਹੈ ਕਿ ਜਦ ਤਕ ਬੱਚਾ ਅੱਖ਼ਰ ਗਿਆਨ ਦੇ ਲੜ ਨਹੀਂ ਲੱਗਦਾ ਓਨਾ ਚਿਰ ਉਸ ਦੀ ਕੋਰੀ ਤਖਤੀ ਤੇ ਹੋਰ ਭਾਸ਼ਾਵਾਂ ਦੇ ਘੁੱਗੂ ਘੋੜੇ ਨਾ ਵਾਹੋ। ਕੋਰੀ ਤਖਤੀ ਤੇ ਮਨਚਾਹੇ ਅੱਖ਼ਰ




ਲਿਖਿਆ ਝਰੀਟਾਂ ਪੈਂਦੀਆਂ ਹਨ। ਪਰਿਵਾਰਕ ਮਾਹੌਲ ਵਿੱਚ ਹੀ ਮਾਂ ਬੋਲੀ ਦਾ ਸਤਿਕਾਰ ਬਣਾਈ ਰੱਖੋ। ਅੱਖਰਾਂ ਵੇਲੇ ਉਸ ਨੂੰ ਮਾਂ ਬੋਲੀ ਪੰਜਾਬੀ ਲਈ ਸਮਰੱਥ ਲਿੱਪੀ ਗੁਰਮੁਖੀ ਨਾਲ ਸ਼ਬਦ ਸਾਂਝ ਪੁਆਓ। ਪਿਆਰ ਦੀ ਭਾਸ਼ਾ ਮਾਂ ਬੋਲੀ ਹੀ ਹੁੰਦੀ ਹੈ ਜੇਕਰ ਤੁਸੀਂ ਪਿਆਰ ਦੀ ਭਾਸ਼ਾ ਸਿੱਖ ਜਾਓਗੇ ਤਾਂ ਰੁਜ਼ਗਾਰ ਦੀ ਕੋਈ ਵੀ ਭਾਸ਼ਾ ਸਿੱਖਣੀ ਤੁਹਾਡੇ ਲਈ ਹੋਰ ਵੀ ਆਸਾਨ ਹੋ ਜਾਵੇਗੀ। ਪਿਆਰ ਦੀ ਭਾਸ਼ਾ ਸਿੱਖਣ ਲਈ ਪੰਜਾਬ ਸਰਕਾਰ ਦੇ ਕਿਸੇ ਵੀ ਵਿਸੇਸ਼ ਨੋਟੀਫਿਕੇਸ਼ਨ ਦੀ ਲੋੜ ਨਹੀਂ ਨਾ ਹੀ ਜ਼ਿਲ੍ਹਾ ਪੱਧਰ ਦੀਆਂ ਕਮੇਟੀਆਂ ਬਣਾਉਣ ਦੀ ਲੋੜ ਹੈ? ਤੁਸੀਂ ਆਪ ਦੱਸੋ ਕਿ ਆਪਣੇ ਹੀ ਪੰਜਾਬ ਦੇ ਧੀਆਂ ਪੁੱਤਰਾਂ ਨੂੰ ਇਹ ਕਹਿਣਾ ਪਵੇ ਕਿ ਆਪਣੀ ਮਾਂ ਬੋਲੀ ਵਿੱਚ ਕੰਮ ਕਾਰ ਕਰਿਆ ਕਰੋ ਤਾਂ ਇਸ ਤੋਂ ਵੱਡੀ ਸਿਤਮ ਵਾਲੀ ਗੱਲ ਕਿਹੜੀ ਹੋਵੇਗੀ। ਅੱਗੋਂ ਪੁੱਤਰ ਧੀਆਂ ਇਹ ਆਖਣ ਕਿ ਪਹਿਲਾਂ ਸਾਡੇ ਲਈ ਸਖਤ ਕਾਨੂੰਨ ਬਣਾਓ, ਭਾਸ਼ਾ ਟ੍ਰਿਬਿਊਨਲ ਬਣਾਓ ਫਿਰ ਅਸੀਂ ਮਾਂ ਬੋਲੀ ਵਿੱਚ ਕੰਮ ਕਾਜ ਕਰਾਂਗੇ ਤਾਂ ਇਸ ਤੋਂ ਵੱਡੀ ਹਾਰ ਕੀ ਹੋਵੇਗੀ।

ਮੇਰੀ ਧਰਤੀ ਦੇ ਲੋਕਾਂ ਨੂੰ ਇਹ ਗੱਲ ਗੁਰੂ ਨਾਨਕ ਦੇਵ ਜੀ ਨੇ ਪੰਜ ਸਦੀਆਂ ਪਹਿਲਾਂ ਆਖੀ ਸੀ ਕਿ ਰਾਜ ਕਰਨ ਵਾਲੇ ਲੋਕਾਂ ਅਤੇ ਪ੍ਰਮਾਰਥ ਵੇਚਣ ਵਾਲੇ ਲੋਕਾਂ ਨੇ ਹਮੇਸ਼ਾਂ ਭਾਸ਼ਾ ਦਾ ਓਹਲਾ ਰੱਖ ਕੇ ਹੀ ਸਧਾਰਣ ਬੰਦਿਆਂ ਨੂੰ ਲੁੱਟਿਆ ਹੈ। ਇਸੇ ਕਰਕੇ ਉਨ੍ਹਾਂ ਨੇ ਪ੍ਰਮਾਰਥ ਦੀ ਭਾਸ਼ਾ ਵੀ ਪੰਜਾਬੀ ਲੋਕ ਭਾਸ਼ਾ ਬਣਾ ਵਿਖਾਈ। ਗੁਰਬਾਣੀ ਵਿੱਚ ਪਵਿੱਤਰ ਸ਼ਬਦ ਆਮ ਸਧਾਰਣ ਆਦਮੀ ਲਈ ਕਲਿਆਣਕਾਰੀ ਵੀ ਇਸੇ ਕਰਕੇ ਹਨ ਕਿ ਇਨ੍ਹਾਂ ਵਿੱਚ ਕੋਈ ਓਹਲਾ ਨਹੀਂ। ਜੇਕਰ ਅਸੀਂ ਅੱਜ ਵੀ ਓਹਲੇ ਦੀ ਓਪਰੀ ਭਾਸ਼ਾ ਤਿਆਗ ਕੇ ਹਸਪਤਾਲਾਂ, ਕਚਹਿਰੀਆਂ , ਮਾਲ ਮਹਿਕਮੇ ਦੇ ਦਸਤਾਵੇਜਾਂ, ਆਮ ਕਾਰੋਬਾਰੀ ਅਦਾਰਿਆਂ ਅਤੇ ਵਰਤੋਂ ਵਿਹਾਰ ਵਿੱਚ ਪੰਜਾਬੀ ਦੀ ਖੁੱਲੀ ਡੁੱਲੀ ਵਰਤੋਂ ਕਰਨੀ ਸ਼ੁਰੂ ਕਰ ਦੇਈਏ ਤਾਂ ਅਸੀਂ ਮਾਂ - ਬੋਲੀ ਦਾ ਮੂੰਹ ਮੱਥਾ ਸੰਵਾਰ ਸਕਦੇ ਹਾਂ। ਤੁਸੀਂ ਆਪ ਸੋਚੋ ਕਿ ਤੁਹਾਡੇ ਪੁੱਤਰਾਂ ਧੀਆਂ ਦੇ ਵਿਆਹਾਂ ਸ਼ਾਦੀਆਂ ਦੇ ਕਾਰਡ ਗਲਤ ਅੰਗਰੇਜ਼ੀ ਵਿੱਚ ਛਾਪਣੇ ਸਹੀ ਹਨ ਜਾਂ ਸਹੀ ਪੰਜਾਬੀ ਵਿੱਚ। ਪੰਜਾਬੀਆਂ ਦੀਆਂ ਰਿਸ਼ਤੇਦਾਰੀਆਂ ਦਾ ਤਾਣਾ ਬਾਣਾ ਪੰਜਾਬ ਵਿੱਚ ਹੀ ਤਾਂ ਹੈ। ਕਾਰਡ ਦਾ ਮਕਸਦ ਵੀ ਸਹੀ ਸੂਚਨਾ ਦੇਣਾ ਹੁੰਦਾ ਹੈ। ਜੇਕਰ ਅਸੀਂ ਆਪਣੇ ਨਾਨਕਿਆਂ ਦਾਦਕਿਆਂ ਭੂਆ ਮਾਸੀਆਂ ਅਤੇ ਹੋਰ ਰਿਸ਼ਤੇਦਾਰਾਂ ਨੂੰ ਆਪਣੀ ਜ਼ੁਬਾਨ ਵਿੱਚ ਹੀ ਸੁਨੇਹਾ ਨਹੀਂ ਦੇਵਾਂਗੇ ਤਾਂ ਹੋਰ ਕੌਣ ਦੇਵੇਗਾ? ਭਾਸ਼ਾ ਦਾ ਸਵੈ-ਮਾਣ ਹੀ ਤੁਹਾਨੂੰ ਸਹੀ ਪੰਜਾਬੀ ਪੁੱਤਰ ਬਣਾ ਸਕੇਗਾ। ਪੰਜਾਬੀ ਹੀ ਨਹੀਂ ਕਿਸੇ ਵੀ ਖਿੱਤੇ ਦੀ ਮਾਂ ਬੋਲੀ ਵਿੱਚ ਇਹ ਸਮੱਰਥਾ ਹਮੇਸ਼ਾਂ ਹੀ ਰਹਿੰਦੀ ਹੈ ਕਿ ਉਹ ਤੁਹਾਡੇ ਸਰਬਪੱਖੀ ਵਿਕਾਸ ਲਈ ਨਾਲੋਂ ਨਾਲ ਤੁਰੇ। ਤੁਹਾਡੇ ਹਉਕਿਆਂ ਦੀ ਜ਼ੁਬਾਨ ਬਣੇ। ਤੁਹਾਡੇ ਫਿਕਰਾਂ ਨੂੰ ਖੁਸ਼ੀਆਂ ਨੂੰ ਮਨ ਦੇ ਚਾਵਾਂ ਅਤੇ ਹੁਲਾਰਿਆਂ ਨੂੰ ਮਾਂ ਬੋਲੀ ਹੀ ਖੰਭ ਲਾ ਸਕਦੀ ਹੈ। ਵਿਸ਼ਵ ਵਿੱਚ ਮਾਂ ਬੋਲੀ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਲਗਪਗ 13 ਕਰੋੜ ਗਿਣੀ ਜਾਂਦੀ ਹੈ ਜਿਨਾਂ ਵਿਚੋਂ ਭਾਵੇਂ ਗੁਰਮੁਖੀ ਅੱਖ਼ਰ ਜਾਣਨ ਵਾਲੇ ਵੀ ਤਿੰਨ ਕਰੋੜ ਦੇ ਨੇੜੇ ਤੇੜੇ ਹਨ ਪਰ ਪੰਜਾਬੀ ਭਾਸ਼ਾ ਵਿੱਚ ਕਿਸੇ ਵੀ ਕਿਤਾਬ ਦੀ ਛਪਣ ਸੰਖਿਆ ਔਸਤਨ 1100 ਤੋਂ ਵੱਧ ਨਹੀਂ। ਪੁਸਤਕ ਸਭਿਆਚਾਰ ਨਾਲ ਹੀ ਅਸੀਂ ਸ਼ਬਦ ਦੀ ਸਲਾਮਤੀ ਕਾਇਮ ਕਰ ਸਕਦੇ ਹਾਂ। ਭਾਸ਼ਾ ਉਦੋਂ ਮਰਦੀ ਹੈ ਜਦੋਂ ਉਸ ਦੇ ਪੁੱਤਰਾਂ ਧੀਆਂ ਦੀ ਸ਼ਬਦ ਨਾਲੋਂ ਸਾਂਝ ਟੁੱਟ ਜਾਵੇ। ਨਾਮਧਾਰੀ ਸਮਾਜ ਦੇ ਬਾਨੀ ਸਤਿਗੁਰ ਰਾਮ ਸਿੰਘ ਜੀ ਨੇ ਗੁਰਮੁਖੀ ਅੱਖਰ ਪੜ੍ਹਨੇ ਤੇ ਪੜ੍ਹਾਵਣੇ ਦਾ ਹੁਕਮਨਾਮਾ ਜਾਰੀ ਕੀਤਾ ਸੀ ਪਰ ਅੱਜ ਇਸ ਸਮਾਜ ਵਿੱਚ ਵੀ ਪੰਜਾਬੀ ਅਤੇ ਗੁਰਮੁਖੀ ਲਈ ਮੁਹੱਬਤ ਨੂੰ ਖੋਰਾ ਲੱਗ ਰਿਹਾ ਹੈ। ਭਾਸ਼ਾ ਕਿਸੇ ਧਰਮ ਜਾਤ ਜਾਂ ਗੋਤ ਦੀ ਮਲਕੀਅਤ ਨਹੀਂ ਹੁੰਦੀ ਸਗੋਂ ਖਿੱਤਾ ਵਿਸੇਸ਼ ਦੇ ਲੋਕਾਂ ਦੀ ਸਾਂਝੀ ਪੂੰਜੀ ਹੁੰਦੀ ਹੈ। ਪੰਜਾਬੀ ਨੂੰ ਸਿਰਫ ਸਿੱਖਾਂ ਦੀ ਭਾਸ਼ਾਂ ਕਹਿ ਕੇ ਤਿਆਗਣ ਵਾਲਿਆਂ ਨੂੰ ਇਹ ਗੱਲ ਕਦੇ ਵੀ ਨਹੀਂ ਵਿਸਾਰਨੀ ਚਾਹੀਦੀ ਕਿ ਪੰਜਾਬੀ ਭਾਸ਼ਾ ਦੇ ਮੁੱਢਲੇ ਲੇਖਕਾਂ ਵਿੱਚ ਬਾਂਕੇ ਦਯਾਲ,ਈਸ਼ਵਰ ਚੰਦਰ ਨੰਦਾ, ਲਾਲਾ ਕਿਰਪਾ ਸਾਗਰ, ਬਿਹਾਰੀ ਲਾਲ ਪੁਰੀ, ਸ਼ਰਧਾ ਰਾਮ ਫਿਲੌਰੀ, ਧਨੀ ਰਾਮ ਚਾਤ੍ਰਿਕ, ਪ੍ਰੋ: ਬ੍ਰਿਜ ਲਾਲ ਸਾਸ਼ਤਰੀ, ਡਾ: ਵਿਦਿਆ ਭਾਸਕਰ ਅਰੁਣ, ਨੰਦ ਲਾਲ ਨੂਰਪੁਰੀ, ਬਕਰਤ ਰਾਮ ਯੁਮਨ,ਬਲਵੰਤ ਗਾਰਗੀ, ਦੇਵਿੰਦਰ ਸਤਿਆਰਥੀ , ਮੋਹਨ ਭੰਡਾਰੀ, ਪ੍ਰੇਮ ਪ੍ਰਕਾਸ਼, ਭੂਸ਼ਨ ਧਿਆਨਪੁਰੀ ਤੇ ਖਾਲਿਦ ਹੁਸੈਨ ਵਰਗੇ ਮਹਾਨ ਵਿਅਕਤੀ ਕਿਸ ਪਿਛੋਕੜ ਵਿੱਚੋਂ ਆਏ ਸਨ। ਸ਼ਿਵ ਕੁਮਾਰ ਬਟਾਲਵੀ, ਰਾਮ ਸਰੂਪ ਅਣਖੀ, ਓਮ ਪ੍ਰਕਾਸ਼ ਗਾਸੋ, ਕੇਵਲ ਸੂਦ, , ਕੇ ਐਲ ਗਰਗ, ਸਤੀਸ਼ ਕੁਮਾਰ ਵਰਮਾ ਤੇ ਲੋਕ ਨਾਥ ਆਦਿ ਵਰਗੇ ਸਿਰਜਣਹਾਰਿਆਂ ਨੇ ਆਪਣੀ ਧਰਤੀ ਦੀ ਜ਼ੁਬਾਨ ਨੂੰ ਕਿਵੇਂ ਸਿਖ਼ਰਾਂ ਤੇ ਪਹੁੰਚਾਇਆ ਹੈ। ਵੰਡੀਆਂ ਨਾਲ ਸ਼ਕਤੀ ਕਮਜ਼ੋਰ ਪੈਂਦੀ ਹੈ ਅਤੇ ਏਕੇ ਨਾਲ ਸਵਾਈ ਹੁੰਦੀ ਹੈ। ਆਓ ਆਪਣੀ ਮਾਂ ਬੋਲੀ ਪੰਜਾਬੀ ਦੇ ਵਿਕਾਸ ਲਈ ਸ਼ਬਦ ਸਭਿਆਚਾਰ ਦੀ ਉਸਾਰੀ ਹਿਤ ਪਿੰਡਾਂ ਵਿੱਚ ਲਾਇਬ੍ਰੇਰੀਆਂ ਦਾ ਢਾਂਚਾ ਉਸਾਰੀਏ। ਸਾਡੇ ਕੋਲ ਧਰਮਸਾਲ ਦਾ ਮਾਡਲ ਪਹਿਲਾਂ ਹੀ ਹਾਜ਼ਰ ਹੈ। ਧਰਮਸਾਲ ਓਨਾ ਚਿਰ ਸੰਪੂਰਨ ਨਹੀਂ ਜਿੰਨਾਂ ਚਿਰ ਉਸ ਵਿੱਚ ਪਾਠਸਾਲ, ਚਕਿਤਸਾਲ ਅਤੇ ਪੁਸਤਕਸਾਲ ਨਹੀਂ ਹੈ। ਧਰਮਸਾਲ ਅੱਜ ਦਾ ਗੁਰਦੁਆਰਾ, ਮੰਦਰ, ਗਿਰਜਾਘਰ ਜਾਂ ਮਸੀਤ ਹੈ। ਪਾਠਸਾਲ ਸਕੂਲ ਹੈ, ਚਕਿਤਸਾਲ ਹਸਪਤਾਲ ਹੈ ਅਤੇ ਪੁਸਤਕਸਾਲ ਲਾਇਬ੍ਰੇਰੀ ਹੈ। ਇਨ੍ਹਾਂ ਚਾਰ ਪਾਵਿਆਂ ਤੇ ਹੀ ਸਾਡਾ ਸੱਭਿਆਚਾਰਕ ਵਿਕਾਸ ਮਾਡਲ ਖੜ੍ਹਾ ਹੈ। ਇਨ੍ਹਾਂ ਵਿੱਚ ਸੁਮੇਲ ਕਰਨਾ ਪਵੇਗਾ ਫਿਰ ਕਿਸੇ ਅੰਤਰ ਰਾਸ਼ਟਰੀ ਏਜੰਸੀ ਨੂੰ ਇਹ ਕਹਿਣ ਦਾ ਮੌਕਾ ਨਹੀਂ ਮਿਲੇਗਾ ਕਿ ਪੰਜਾਬੀ ਭਾਸ਼ਾ ਮਰ ਰਹੀ ਹੈ। ਪੰਜਾਬੀ ਦੇ ਸ਼ਬਦ ਭੰਡਾਰ ਵਿੱਚ ਵਾਧੇ ਅਤੇ ਵਿਕਾਸ ਲਈ ਭਾਸ਼ਾ ਦੀ ਵਰਤੋਂ ਯੋਗਤਾ ਵਧਾਉਣੀ ਪਵੇਗੀ। ਨਿਰੰਤਰ ਮੋਹ ਅਤੇ ਮੁਹੱਬਤ ਦਾ ਰਿਸ਼ਤਾ ਸੁਰਜੀਤ ਕਰਕੇ ਹੀ ਅਸੀਂ ਆਪਣੀ ਮਾਂ ਬੋਲੀ ਸਮਰੱਥਾਵਾਨ ਸੁਆਣੀ ਬਣਾ ਸਕਾਂਗੇ। ਭਾਸ਼ਾ ਕੋਈ ਉਦਯੋਗਿਕ ਇਕਾਈ ਅੰਦਰ ਵਿਗਸਣ ਵਾਲੀ ਵਸਤੂ ਨਹੀਂ ਹੈ, ਇਸ ਦਾ ਉਤਪਾਦਨ ਨਹੀਂ ਹੁੰਦਾ। ਸ਼ਬਦਕੋਸ਼ ਜਿਉਂਦੀਆਂ ਭਾਸ਼ਾਵਾਂ ਦਾ ਖਜ਼ਾਨਾ ਤਾਂ ਹੁੰਦੇ ਹਨ ਪਰ ਇਨ੍ਹਾਂ ਨੂੰ ਕਬਰਾਂ ਨਾ ਬਣਾਈਏ। ਇਹ ਪੂੰਜੀ ਲਗਾਤਾਰ ਵਰਤਣ ਵਾਸਤੇ ਹੈ, ਸਿਰਫ ਸੰਭਾਲਣ ਵਾਸਤੇ ਨਹੀਂ। ਕਤਰੇ ਕਤਰੇ ਨਾਲ ਹੀ ਸਮੁੰਦਰ ਭਰਦਾ ਹੈ। ਆਓ ਪ੍ਰਣ ਕਰੀਏ ਕਿ ਮਾਂ ਬੋਲੀ ਪੰਜਾਬੀ ਦੇ ਵਿਕਾਸ ਲਈ ਕਿਸੇ ਹੋਰ ਧਿਰ ਦਾ ਸਾਥ ਲੱਭਣ ਦੀ ਥਾਂ ਖੁਦ ਹਿੰਮਤ ਕਰੀਏ। ਪੰਜਾਬੀ ਦੇ ਨਾਮਵਰ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਮੁੱਢਲੇ ਸਫਰ ਦੌਰਾਨ ਕੁਝ ਕਵਿਤਾਵਾਂ ਵੀ ਲਿਖੀਆਂ ਸਨ। ਉਨਾਂ ਦੀ ਇਕ ਕਵਿਤਾ ਦੇ ਬੋਲਾਂ ਨਾਲ ਮੈਂ ਆਪਣੀ ਗੱਲ ਮੁਕਾਉਂਦਾ ਹਾਂ:-

ਕਿਸ ਨੂੰ ਉਡੀਕਦੇ ਹੋ,
ਗੋਬਿੰਦ ਨੇ ਹੁਣ ਪਟਨੇ ਚੋਂ ਨਹੀਂਆਉਣਾ।
ਮਸਤਕ ਤੋਂ ਹੱਥ ਤਕ ਸਿੱਧਾ ਰਸਤਾ
ਕੇਸਗੜ੍ਹ ਦੇ ਮੈਦਾਨ ਨੂੰ ਜਾਂਦਾ ਹੈ।

## ਕੌਮਾਂਤਰੀ ਮਾਂ-ਬੋਲੀ ਦਿਹਾੜੇ 'ਤੇ... ਮਾਂ ਬੋਲੀ ਪੰਜਾਬੀ ਹੂ...

-ਅਮਰ 'ਸੂਫ਼ੀ'-

ਦੁਨੀਆ ਦੇ ਵਿਚ ਢੇਰ ਜ਼ੁਬਾਨਾਂ,
ਮਾਂ ਬੋਲੀ ਪੰਜਾਬੀ ਹੂ।
ਹੋਰ ਭਾਸ਼ਾਵਾਂ ਦੇ ਵਿਚ ਟਹਿਕੇ,
ਜਿੱਦਾਂ ਫੁੱਲ ਗੁਲਾਬੀ ਹੂ।
ਮੜਕ ਨ ਇਸ ਦੀ ਝੱਲੀ ਜਾਵੇ,
ਪੂਰੀ ਸ਼ਾਨ ਨਵਾਬੀ ਹੂ।
ਜ਼ਹਿਨਾਂ ਨੂੰ ਰੁਸ਼ਨਾਵੇ 'ਸੂਫ਼ੀ',
ਬਣ ਕੇ ਲਾਟ ਮਤਾਬੀ ਹੂ।
ਮਾਂ ਬੋਲੀ ਹੈ ਮਾਂ ਨੇ ਦਿੱਤੀ,
ਇਸ ਨੂੰ ਕਿੰਵ ਭੁਲਾਵਾਂ ਹੂ।
ਉਠਦਾ ਬਹਿੰਦਾ ਹਰ ਵੇਲ਼ੇ ਹੀ,
ਇਸ ਦੇ ਸੋਹਲੇ ਗਾਵਾਂ ਹੂ।
ਮਾਂ ਬੋਲੀ ਦਾ ਪਾਕ ਦਿਹਾੜਾ,
ਚਾਵਾਂ ਨਾਲ ਮਨਾਵਾਂ ਹੂ।
ਜਿਹੜਾ ਹੁੱਜਤ ਕਰਦਾ 'ਸੂਫ਼ੀ',
ਉਸ ਨੂੰ ਹੱਥ ਵਿਖਾਵਾਂ ਹੂ।
ਮਾਂ ਨੇ ਸ਼ੀਰ ਚੁੰਘਾਉਂਦੇ ਬਖ਼ਸ਼ੀ,
ਇਹ ਕੁਦਰਤ ਦੀ ਬੋਲੀ ਹੂ।
ਸ਼ਬਦਾਂ ਦੇ ਵਿਚ ਰਸ ਹੈ ਡਾਢਾ,
ਮਿੱਠਤ ਵੀ ਅਣਤੋਲੀ ਹੂ।
ਬੋਲਣ ਵੇਲ਼ੇ ਲੱਜ਼ਤ ਦੇਵੇ,
ਜਿੱਦਾਂ ਮਿਸ਼ਰੀ ਘੋਲੀ ਹੂ।
ਰਾਣੀ ਹੁਕਮ ਚਲਾਵੇ 'ਸੂਫ਼ੀ';
ਕਿਹੜਾ ਆਖੇ ਗੋਲੀ ਹੂ।
ਜੱਗ 'ਚ ਨੇ ਬੇਥਾਹ ਭਾਸ਼ਾਵਾਂ,
ਇਹ ਦਸਵੇਂ ਥਾਂ ਉੱਤੇ ਹੂ।
ਜਾਗ ਪਏ ਨੇ ਇਸ ਦੇ ਵਾਰਿਸ,
ਜੋ ਪਹਿਲਾਂ ਸੀ ਸੁੱਤੇ ਹੂ।
ਵਰਤਣ ਸ਼ਬਦ ਨਗੀਨੇ ਜੌਹਰੀ,
ਜੋ ਹੁਣ ਤੀਕ ਵਿਗੁੱਤੇ ਹੂ।
ਸੇਵਾ ਕਰਦੇ ਨਿਠ ਕੇ 'ਸੂਫ਼ੀ',
ਨਾ ਹੁਣ ਸਾਰਨ ਬੁੱਤੇ ਹੂ।
ਜਿਹੜੀ ਸਾਡੀ ਮਾਂ ਬੋਲੀ ਹੈ,
ਗੁਰ ਪੀਰਾਂ ਵਰੋਸਾਈ ਹੂ।
ਇਸ ਦੀ ਲਿੱਪੀ ਦੀ ਘਾੜਤ ਗੁਰ,
ਅੰਗਦ ਦੇਵ ਘੜਾਈ ਹੂ।
ਬੁੱਲ੍ਹੇ, ਵਾਰਸ ਵਰਗੇ ਸ਼ਾਇਰਾਂ,
ਇਸ ਦੀ ਭੱਲ ਬਣਾਈ ਹੂ।
ਸ਼ੇਖ ਫਰੀਦ ਰਚੇ ਨੇ ਦੋਹੇ,
'ਸੂਫ਼ੀ' ਕਲਮ ਲਗਾਈ ਹੂ।
ਬਾਬਾ ਨਾਨਕ ਰਚ ਕੇ ਬਾਣੀ,
ਕੀਤਾ ਕਰਮ ਵਡੇਰਾ ਹੂ।
ਚਾਨਣ ਵੰਡ-ਵੰਡਾਅ ਕੇ ਉਸ ਨੇ,
ਦਿੱਤਾ ਚੁੱਕ ਹਨੇਰਾ ਹੂ।
ਸਭ ਕੁਝ ਹੁੰਦੇ-ਸੁੰਦੇ ਬਾਬਾ,
ਆਖੀ ਜਾਵੇ ਤੇਰਾ ਹੂ।
ਸ਼ਬਦੀ ਛਿੱਟਾ ਦਿੱਤਾ 'ਸੂਫ਼ੀ',
ਜਿੱਥੇ ਪਾਇਆ ਫੇਰਾ ਹੂ।
ਇਸ ਬੋਲੀ ਵਿਚ ਉਚਰੀ ਸਾਡੇ
ਕੋਲ ਪਵਿੱਤਰ ਬਾਣੀ ਹੂ।
ਸਾਰੀ ਦੁਨੀਆ ਦੇ ਵਿਚ ਚੱਲੇ,
ਇਸ ਦੀ ਖਾਸ ਕਹਾਣੀ ਹੂ।
ਸੰਗਤ ਵੱਲੋਂ ਇਹ ਜਾਂਦੀ ਹੈ,
ਸ਼ਾਮ ਸਵੇਰੇ ਮਾਣੀ ਹੂ।
ਇਹ ਕਰਤਾ ਦੀ ਬੋਲੀ 'ਸੂਫ਼ੀ',
ਖਲਕਤ ਨੇ ਹੈ ਜਾਣੀ ਹੂ।
ਮਾਂ ਬੋਲੀ ਪੰਜਾਬੀ ਦੇ ਵਿਚ,
ਮਿਲਦੇ ਢੇਰਾਂ ਕਿੱਸੇ ਹੂ।
ਇੰਨ੍ਹਾਂ ਨੂੰ ਪੜ੍ਹ ਖੋਜਣ ਦਾ ਕੰਮ,
ਆਇਆ ਸਾਡੇ ਹਿੱਸੇ ਹੂ।
ਸ਼ਾਇਰੀ ਵਿਚ ਪਾਬੰਦੀ ਪੂਰੀ,
ਨਾ ਮਾੜੇ ਨਾ ਲਿੱਸੇ ਹੂ।
ਸੁੱਚੇ ਇਸ਼ਕ ਗੜੁੱਚੇ 'ਸੂਫ਼ੀ',
ਕਿੱਸੇ ਪਿਆਰ-ਵਲਿੱਸੇ ਹੂ।
ਮਾਂ ਬੋਲੀ ਬਿਨ ਹੋਰ ਕਿਸੇ ਵਿਚ,
ਦਿਲ ਦੀ ਆਖ ਨਾ ਹੋਵੇ ਹੂ।
ਮਾਂ ਦੇ ਪਿਆਰ-ਵਿਗੋਚੇ ਵਾਲਾ,
ਸਾਰੀ ਉਮਰਾ ਰੋਵੇ ਹੂ।
ਪੀੜਾਂ ਮਾਰੀ ਨਾ ਇਹ ਲੱਗੇ,
ਨੈਣੋਂ ਹੰਝ ਨ ਚੋਵੇ ਹੂ।
ਖੋਟ ਰਲਾਅ ਕੇ ਮੈਲ਼ੀ ਕੀਤੀ,
'ਸੂਫ਼ੀ' ਧੱਬੇ ਧੋਵੇ ਹੂ।
ਪੂਰੀ ਦੁਨੀਆ ਦੇ ਵਿਚ ਬੈਠੇ,
ਇਸ ਨੂੰ ਬੋਲਣਹਾਰੇ ਹੂ।
ਜਿਹੜੇ ਇਸ ਦੀ ਜੜ੍ਹ ਨੂੰ ਵੱਢਣ,
ਉਹ ਜਾਂਦੇ ਦੁਰਕਾਰੇ ਹੂ।
ਇਸ ਦਾ ਚੰਗਾ ਲੋਚਣ ਵਾਲੇ,
ਜਾਂਦੇ ਨੇ ਸਤਿਕਾਰੇ ਹੂ।
ਬੰਨ੍ਹ ਲੰਗੋਟਾ ਜੁਝਣ 'ਸੂਫ਼ੀ',
ਇਸ ਦੇ ਪੁੱਤਰ ਪਿਆਰੇ ਹੂ।
ਮੇਰੀ ਮਾਂ ਦੀ ਬੋਲੀ ਹੈ ਜੋ,
ਇਸ ਦੀ ਸੁੱਖ ਮਨਾਉਂਦਾ ਹੂ।
ਦਾਤ ਮਿਰੀ ਮਾਂ ਦਿੱਤੀ ਮੈਨੂੰ,
ਮਾਂ ਨੂੰ ਲਾਜ ਨ ਲਾਉਂਦਾ ਹੂ।
ਇਸ ਨੇ ਰੋਜ਼ੀ-ਰੋਟੀ ਦਿੱਤੀ,
ਗੁਣ ਮੈਂ ਇਸ ਦੇ ਗਾਉਂਦਾ ਹੂ।
ਕਵਿਤਾ ਲਿਖਦਾ ਹਾਂ ਜਦ 'ਸੂਫ਼ੀ',
ਸੁੱਚੇ ਅੱਖਰ ਪਾਉਂਦਾ ਹੂ।
ਸਿੱਧਾ ਸਾਦਾ ਜੀਵਨ ਜੀਵਾਂ,
ਸ਼ਬਦਾਂ ਦੇ ਸੰਗ ਯਾਰੀ ਹੂ।
ਮਾਂ ਬੋਲੀ ਦੇ ਸਦਕੇ ਜਾਵਾਂ,
ਇਸ ਤੋਂ ਜਾਵਾਂ ਵਾਰੀ ਹੂ।
ਮਾਂ ਬੋਲੀ ਦੀ ਮਾਂ ਦੇ ਵਾਂਙਰ,
ਕਰਦਾਂ ਖਾਤਰਦਾਰੀ ਹੂ।
ਮਾਂ ਬੋਲੀ ਪਟਰਾਣੀ 'ਸੂਫ਼ੀ',
ਕਰਦੀ ਹੈ ਸਰਦਾਰੀ ਹੂ।
ਅਨਪੜ੍ਹ ਮਾਂ ਤੋਂ ਠੇਠ ਰਸੀਲੇ,
ਸਿੱਖੇ ਸ਼ਬਦ ਨਗੀਨੇ ਹੂ।
ਹੁੰਦੇ ਨੇ ਦੋ ਅੱਖਾਂ ਵਾਲੇ,
ਪਰ ਹੁੰਦੇ ਨਾ-ਬੀਨੇ ਹੂ।
ਮਾਂ ਬੋਲੀ ਦੀ ਵੇਖ ਚੜ੍ਹਾਈ,
ਠੰਢ ਪਵੇ ਕੁਝ ਸੀਨੇ ਹੂ।
ਮਾਂ ਬੋਲੀ ਜੋ ਛੱਡਣ 'ਸੂਫ਼ੀ'
ਉਹ ਹੁੰਦੇ ਬੇਦੀਨੇ ਹੂ।
ਇਸ ਦੇ ਨਿੱਗਰ ਬੋਲਾਂ ਦੇ ਵਿਚ,
ਹੈਗੀ ਮੜਕ ਬਥੇਰੀ ਹੂ।
ਇਹ ਨਾ ਡਰਦੀ ਝਿਪਦੀ ਬੇਸ਼ਕ,
ਬਿੱਜ-ਬਲਾਵਾਂ ਘੇਰੀ ਹੂ।
ਇਸ ਦਾ ਦੀਪਕ ਬਲਦਾ ਭਾਵੇਂ,
ਚੱਲੀ ਤੇਜ਼ ਹਨੇਰੀ ਹੂ।
ਸੁਣ ਕੇ ਉੱਠ ਖੜ੍ਹੋਂਦਾ 'ਸੂਫ਼ੀ',
ਢਾਹ ਬੈਠਾ ਜੋ ਢੇਰੀ ਹੂ।
ਸਿਦਕੀ ਪੁੱਤਰ ਮਾਂ ਬੋਲੀ ਦੇ,
ਜੋ ਇਸ ਨੂੰ ਵਡਿਆਉਂਦੇ ਹੂ।
ਕੁਝ ਇਕ ਹੈਨ ਦੁਫ਼ਸਲੇ ਯਾਰੋ,
ਜਿਹੜੇ ਖੋਟ ਰਲਾਉਂਦੇ ਹੂ।
ਖੋਟੇ, ਨੀਚ, ਗ਼ਦਾਰਾਂ ਵਾਲਾ,
ਉਹ ਕਿਰਦਾਰ ਨਿਭਾਉਂਦੇ ਹੂ।
ਮਾਂ ਬੋਲੀ ਦੇ ਦੋਖੀ 'ਸੂਫ਼ੀ',
ਨਿੱਤ ਪੁਆੜਾ ਪਾਉਂਦੇ ਹੂ।
ਇੰਨ੍ਹਾਂ ਦਾ ਮੂੰਹ ਭੰਨਣ ਖਾਤਰ,
ਆਓ ਹੋਈਏ 'ਕੱਠੇ ਹੂ।
ਲਾਨ੍ਹਤ ਦੇ, ਫ਼ਿਟਕਾਰਾਂ ਪਾਈਏ,
ਜੋ ਉੱਲੂ ਦੇ ਪੱਠੇ ਹੂ।
ਦੋਖੀ ਵੇਖ ਤੁਹਾਡਾ ਏਕਾ,
ਪਿੱਛਲ ਪੈਰੀਂ ਨੱਠੇ ਹੂ।
ਤਕੜੇ ਹੋਣਾ ਪੈਣੇ 'ਸੂਫ਼ੀ'
ਹੋਵੋ ਨਾ ਹੁਣ ਮੱਠੇ ਹੂ।

98555-43660

ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ।।

RSFO
Ramgarhia Sikh Foundation of Ontario

Ramgarhia Sikh Foundation of Ontario
10th International Award 2023
Dedicated to the 300th Birth Anniversary of Maharaja Jassa Singh Ramgarhia
300 ਸਾਲਾ ਮਹਾਰਾਜਾ ਰਾਮਗੜ੍ਹੀਆ ਦੇ ਨਾਮ

| | | |
|---|---|---|
| 19th May | Welcoming Guests | 10am |
| 19th May | Lunch | 1pm to 3pm |
| 20th May | Seminar | 10am to 4pm |
| 21th May | Presentation of Awards | 10am to 4pm |

on Friday, 19th May 2023
10:00am to 6:00pm
Century Gardens Recreations Complex (Auditorium 1)
340 Vodden Street East, Brampton, ON, L6V 2N2



Bhupinder Singh Seera (647) 833-6960
Ravinder Pal Singh Sond (647) 403-6767
Gurucharan Singh (Dubai) (416) 845-1019
Mohinder Singh Kundi (647) 294-1669
Harpal Singh Matharu (416) 579 3817
Jaswinder Singh Bhachu (416) 728 2776
Baldev Singh Mankoo (647) 2089729
Karnail Singh Marwaha (416) 567 5159

Daljit S. Gaidhu, Chairman, 416-305-9878
Jasbir S. Sehmbi, Vice Chairman, 437-774-1410
Manjit S. Bhachu, President, 416-275-2374
Jarnail S. Matharu, Treasurer, 416-409-6207
Hardial S. Jheeta, General Secretary, 647-409-8915

Address: 7956 Torbram Road #40, Bldg-B, Brampton, ON, L6T 5A2, Canada

# ਮੁੱਖ ਮੰਤਰੀ ਨੇ ਕੇਂਦਰੀ ਵਾਤਾਵਰਣ ਮੰਤਰੀ ਅੱਗੇ ਟੈਕਸਾਂ ਅਤੇ ਦਿਹਾਤੀ ਵਿਕਾਸ ਫੰਡਾਂ ਦਾ ਬਕਾਇਆ ਤੁਰੰਤ ਜਾਰੀ ਕਰਨ ਦਾ ਮਸਲਾ ਚੁੱਕਿਆ

ਐੱਸ.ਏ.ਐੱਸ. ਨਗਰ (ਮੋਹਾਲੀ), 20 ਫਰਵਰੀ (ਪੋਸਟ ਬਿਊਰੋ): ਪੰਜਾਬ ਨੂੰ ਦੇਸ਼ ਦਾ ਮੋਹਰੀ ਸੂਬਾ ਬਣਾਉਣ ਲਈ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਕੇਂਦਰੀ ਵਾਤਾਵਰਣ ਮੰਤਰੀ ਅੱਗੇ ਟੈਕਸਾਂ ਵਿੱਚੋਂ ਸੂਬੇ ਦਾ ਬਣਦਾ ਹਿੱਸਾ ਅਤੇ ਪੇਂਡੂ ਵਿਕਾਸ ਫੰਡਾਂ (ਆਰਡੀਐਫ) ਦੇ ਬਕਾਏ ਤੁਰੰਤ ਜਾਰੀ ਕਰਨ ਦਾ ਮਸਲਾ ਚੁੱਕਿਆ।

ਮੁੱਖ ਮੰਤਰੀ ਨੇ ਅੱਜ ਇੱਥੇ ਝੋਨੇ ਦੀ ਪਰਾਲੀ ਦੇ ਪ੍ਰਭਾਵੀ ਪ੍ਰਬੰਧਨ ਲਈ ਕਰਵਾਈ ਵਰਕਸ਼ਾਪ ਨੂੰ ਸੰਬੋਧਨ ਕਰਦਿਆਂ ਦੇਸ਼ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਯੋਗਦਾਨ ਪਾਉਣ ਲਈ ਸੂਬਿਆਂ ਦੀ ਵਿੱਤੀ ਸਥਿਰਤਾ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਸੂਬਿਆਂ ਨੂੰ ਦੇਸ਼ ਦੇ ਵਿਕਾਸ ਵਿੱਚ ਵਿਆਪਕ ਅਤੇ ਅਸਰਦਾਰ ਭੂਮਿਕਾ ਨਿਭਾਉਣ ਲਈ ਤਾਕਤਾਂ ਦੇਣੀਆਂ ਚਾਹੀਦੀਆਂ ਹਨ। ਭਗਵੰਤ ਮਾਨ ਨੇ ਕਿਹਾ ਕਿ ਇਸ ਲਈ ਕੇਂਦਰ ਸਰਕਾਰ ਨੂੰ ਟੈਕਸਾਂ ਅਤੇ ਪੇਂਡੂ ਵਿਕਾਸ ਫੰਡ (ਆਰ.ਡੀ.ਐਫ.) ਦਾ ਬਕਾਇਆ ਹਿੱਸਾ ਜਾਰੀ ਕਰਨਾ ਚਾਹੀਦਾ ਹੈ।

ਮੁੱਖ ਮੰਤਰੀ ਨੇ ਇਸ ਮੁੱਦੇ ਨੂੰ ਢੁਕਵੇਂ ਮੰਚ 'ਤੇ ਚੁੱਕਣ ਲਈ ਕੇਂਦਰੀ ਵਾਤਾਵਰਣ ਮੰਤਰੀ ਭੁਪਿੰਦਰ ਯਾਦਵ ਦੇ ਦਖ਼ਲ ਦੀ ਮੰਗ ਕੀਤੀ। ਝੋਨੇ ਦੀ ਪਰਾਲੀ ਨੂੰ ਅਸਾਸਾ ਦੱਸਦਿਆਂ ਉਨ੍ਹਾਂ ਨੇ ਝੋਨੇ ਦੀ ਪਰਾਲੀ ਸਾੜਨ ਦੇ ਖਤਰੇ ਦੇ ਪ੍ਰਬੰਧਨ ਲਈ ਟਿਕਾਊ ਵਿਧੀ ਵਿਕਸਤ ਕਰਨ ਦੀ ਲੋੜ



'ਤੇ ਜ਼ੋਰ ਦਿੱਤਾ। ਭਗਵੰਤ ਮਾਨ ਨੇ ਕਿਹਾ ਕਿ ਇਹ ਸਮੁੱਚੇ ਉੱਤਰੀ ਖੇਤਰ ਦਾ ਲੰਮੇ ਸਮੇਂ ਤੋਂ ਲਟਕਿਆ ਹੋਇਆ ਮਸਲਾ ਹੈ ਪਰ ਕਿਸਾਨਾਂ ਕੋਲ ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਸੰਭਾਲਣ ਲਈ ਠੋਸ ਢੰਗ-ਤਰੀਕਿਆਂ ਦੀ ਘਾਟ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਕਿਸਾਨ ਪਹਿਲਾਂ ਪਰਾਲੀ ਨੂੰ ਅੱਗ ਨਹੀਂ ਲਾਉਣਾ ਚਾਹੁੰਦੇ ਕਿਉਂ ਜੋ ਇਸ ਦਾ ਖਮਿਆਜ਼ਾ ਕਿਸਾਨਾਂ ਦੇ ਪਰਿਵਾਰਾਂ ਨੂੰ ਵੀ ਭੁਗਤਣਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਪਰਾਲੀ ਦੀ ਖਰੀਦ ਨੂੰ ਯਕੀਨੀ ਬਣਾ ਕੇ ਇਸ ਖ਼ਤਰੇ ਨਾਲ ਨਜਿੱਠਣ ਲਈ ਸਾਂਝੀ ਕਾਰਜ ਯੋਜਨਾ ਤਿਆਰ ਕਰਕੇ ਆਪਸੀ ਸਹਿਯੋਗ ਕਰਨ ਦੀ ਲੋੜ ਹੈ। ਵਰਬੀਓ ਕੰਪਨੀ ਦੀ ਮਿਸਾਲ ਦਿੰਦਿਆਂ ਭਗਵੰਤ ਮਾਨ ਨੇ ਕਿਹਾ ਕਿ ਇਸ ਕੰਪਨੀ ਨੇ 47 ਹਜ਼ਾਰ ਏਕੜ ਵਿੱਚ ਪਰਾਲੀ ਨੂੰ ਸੰਭਾਲਣ ਦਾ ਬੀੜਾ ਚੁੱਕਿਆ ਹੈ ਅਤੇ ਅਜਿਹੀਆਂ ਕੰਪਨੀਆਂ ਨੂੰ ਹੋਰ ਉਤਸ਼ਾਹਿਤ ਕਰਨਾ ਚਾਹੀਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਝੋਨੇ ਦੀ ਸਮੱਸਿਆ ਨਾਲ ਨਿਪਟਣ ਲਈ ਸੂਬਾ ਸਰਕਾਰ ਨੇ ਖੇਤੀ ਵਿਭਿੰਨਤਾ ਨੂੰ ਪ੍ਰੇਰਿਤ ਕਰਨ ਵਾਸਤੇ ਸਾਰੀਆਂ ਫਸਲਾਂ ਦੇ ਨਿਸ਼ਚਿਤ ਭਾਅ ਦੀ ਵੱਡੀ ਜ਼ੰਮਿਵਾਰੀ ਪਹਿਲਾਂ ਹੀ ਚੁੱਕੀ ਹੋਈ ਹੈ। ਉਨ੍ਹਾਂ ਦੁਹਰਾਇਆ ਕਿ ਕਿਸਾਨਾਂ ਵਿਰੁੱਧ ਐਫ.ਆਈ.ਆਰ. ਦਰਜ ਕਰਨਾ ਇਸ ਸਮੱਸਿਆ ਨਾਲ ਨਜਿੱਠਣ ਦਾ ਹੱਲ ਨਹੀਂ ਹੈ ਕਿਉਂਕਿ ਇਸ ਵਿੱਚ ਸਮਾਜਿਕ ਤੌਰ ਉਤੇ ਨਮੋਸ਼ੀ ਜੁੜੀ ਹੋਈ ਹੈ। ਭਗਵੰਤ ਮਾਨ ਨੇ ਕਿਹਾ ਕਿ ਕਿਸਾਨਾਂ ਦੀ ਪੂਰੀ ਤਰ੍ਹਾਂ ਖੇਤੀ 'ਤੇ ਨਿਰਭਰਤਾ ਹੀ ਕਿਸਾਨ ਖ਼ੁਦਕੁਸ਼ੀਆਂ ਦਾ ਮੁੱਖ ਕਾਰਨ ਹੈ।

ਕੇਂਦਰੀ ਮੰਤਰੀ ਨੂੰ ਸੂਬੇ ਦੀ ਅਮੀਰ ਵਿਰਾਸਤ ਬਾਰੇ ਯਾਦ ਦਿਵਾਉਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸਾਡੇ ਆਜ਼ਾਦੀ ਸੰਗਰਾਮ ਦੇ ਬਹਾਦਰ ਨਾਇਕਾਂ ਨੇ ਵਿਦੇਸ਼ੀ ਸਾਮਰਾਜਵਾਦ ਦੀਆਂ ਜੰਜੀਰਾਂ ਤੋਂ ਮੁਕਤ ਹੋਣ ਲਈ ਮਿਸਾਲੀ ਕੁਰਬਾਨੀਆਂ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਇਹ ਤੱਥ ਰਿਕਾਰਡ 'ਤੇ ਹੈ ਕਿ ਜਿਨ੍ਹਾਂ ਮਹਾਨ ਦੇਸ਼ ਭਗਤਾਂ ਨੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਜਾਂ ਕਿਸੇ ਨਾ ਕਿਸੇ ਰੂਪ ਵਿਚ ਅੰਗਰੇਜ਼ਾਂ ਦੇ ਜ਼ੁਲਮਾਂ ਦਾ ਸ਼ਿਕਾਰ ਹੋਏ, ਉਨ੍ਹਾਂ ਵਿਚੋਂ 90 ਫੀਸਦੀ ਤੋਂ ਵੱਧ ਪੰਜਾਬੀ ਸਨ। ਭਗਵੰਤ ਮਾਨ ਨੇ ਜ਼ੋਰ ਦੇ ਕੇ ਕਿਹਾ ਕਿ ਅੱਜ ਵੀ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਲਈ ਪੰਜਾਬੀ ਸਭ ਤੋਂ ਅੱਗੇ ਹਨ। ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਜਦੋਂ ਵੀ ਭਾਰਤ ਨੂੰ ਅੰਦਰੂਨੀ ਜਾਂ ਬਾਹਰੀ ਹਮਲੇ ਦੀ ਕਿਸੇ ਵੀ ਚੁਣੌਤੀ ਦਾ ਸਾਹਮਣਾ ਕਰਨਾ ਪਿਆ ਤਾਂ ਪੰਜਾਬੀਆਂ ਨੇ ਦੇਸ਼ ਦੀ ਅਗਵਾਈ ਕੀਤੀ। ਉਨ੍ਹਾਂ ਕਿਹਾ ਕਿ ਸੂਬੇ ਦੇ ਮਿਹਨਤਕਸ਼ ਕਿਸਾਨਾਂ ਨੇ ਦੇਸ਼ ਨੂੰ ਅਨਾਜ ਉਤਪਾਦਨ ਵਿੱਚ ਆਤਮ ਨਿਰਭਰ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਭਗਵੰਤ ਮਾਨ ਨੇ ਉਮੀਦ ਜ਼ਾਹਰ ਕੀਤੀ ਕਿ ਸੂਬਾ ਸਰਕਾਰ ਦੇ ਠੋਸ ਯਤਨਾਂ ਨਾਲ ਸੂਬੇ ਦੀ ਪੁਰਾਤਨ ਸ਼ਾਨ ਜਲਦੀ ਹੀ ਬਹਾਲ ਹੋ ਜਾਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬੀ ਪੈਦਾਇਸ਼ੀ ਉੱਦਮੀ ਹਨ ਜੋ ਸੂਬੇ ਨੂੰ ਉਦਯੋਗਿਕ ਵਿਕਾਸ ਦੀ ਲੀਹ 'ਤੇ ਲਿਆਉਣ ਲਈ ਹਰ ਸੰਭਵ ਯਤਨ ਕਰਨ ਲਈ ਤਿਆਰ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬੀ ਉੱਦਮੀਆਂ ਨੇ ਵਿਸ਼ਵ ਭਰ ਵਿੱਚ ਆਪਣੀ ਕਾਬਲੀਅਤ ਦਾ ਸਬੂਤ ਦਿੱਤਾ ਹੈ ਅਤੇ ਹੁਣ ਸਮਾਂ ਆ ਗਿਆ ਹੈ ਜਦੋਂ ਸਾਨੂੰ ਸੂਬੇ ਵਿੱਚ ਵਿਕਾਸ ਵੱਲ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਸੂਬੇ ਨੂੰ ਦੇਸ਼ ਦਾ ਮੋਹਰੀ ਉਦਯੋਗਿਕ ਸੂਬਾ ਬਣਾਉਣ ਦੇ ਨਾਲ-ਨਾਲ ਨੌਜਵਾਨਾਂ ਲਈ ਰੁਜ਼ਗਾਰ ਦੇ ਨਵੇਂ ਰਾਹ ਖੁੱਲ੍ਹਣਗੇ।

ਮੁੱਖ ਮੰਤਰੀ ਨੇ ਕਿਹਾ ਕਿ ਕਿਸਾਨਾਂ ਨੂੰ ਆਪਣੀ ਆਮਦਨ ਵਧਾਉਣ ਲਈ ਸਹਾਇਕ ਧੰਦਿਆਂ ਨੂੰ ਅਪਣਾਉਣ ਲਈ ਉਤਸ਼ਾਹਿਤ ਕਰਨ ਦੀ ਲੋੜ ਹੈ। ਆਪਣੀ ਕਿਸਮ ਦੀ ਪਹਿਲੀ 'ਕਿਸਾਨ-ਮਿਲਣੀ' ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਕਿਸਾਨ ਸਮੁੱਚੇ ਕਿਸਾਨ ਭਾਈਚਾਰੇ ਨੂੰ ਦਰਪੇਸ਼ ਹਰ ਸਮੱਸਿਆ ਦਾ ਹੱਲ ਜਾਣਦੇ ਹਨ। ਭਗਵੰਤ ਮਾਨ ਨੇ ਕਿਹਾ ਕਿ ਇਸ ਲਈ ਸੂਬਾ ਸਰਕਾਰ ਨੇ ਪਹਿਲੀ ਵਾਰ ਕਿਸਾਨਾਂ ਨੂੰ ਦਰਪੇਸ਼ ਮੁਸ਼ਕਲਾਂ ਦਾ ਹੱਲ ਲੱਭਣ ਲਈ ਉਨ੍ਹਾਂ ਨਾਲ ਰਾਬਤਾ ਕਾਇਮ ਕੀਤਾ ਹੈ।

ਫਸਲੀ ਚੱਕਰ ਬਾਰੇ ਬੋਲਦਿਆਂ ਮੁੱਖ ਮੰਤਰੀ ਨੇ ਝੋਨੇ ਦੀਆਂ ਅਜਿਹੀਆਂ ਕਿਸਮਾਂ ਨੂੰ ਅਪਣਾਉਣ ਦੀ ਲੋੜ 'ਤੇ ਜ਼ੋਰ ਦਿੱਤਾ ਜੋ ਪੱਕਣ ਲਈ ਘੱਟ ਤੋਂ ਘੱਟ ਸਮਾਂ ਲੈਂਦੀਆਂ ਹਨ। ਉਨ੍ਹਾਂ ਕਿਹਾ ਕਿ ਗੰਨਾ, ਝੋਨੇ ਦਾ ਸਾਰਥਕ ਬਦਲ ਹੈ ਪਰ ਇਸ ਨੂੰ ਵੇਚਣ ਲਈ ਕਿਸਾਨਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ ਗੰਨੇ ਦੀ ਕਾਸ਼ਤ ਨੂੰ ਵੱਡੇ ਪੱਧਰ 'ਤੇ ਉਤਸ਼ਾਹਿਤ ਕਰਨ ਲਈ ਪਹਿਲਾਂ ਹੀ ਵੱਡੇ ਯਤਨ ਕਰ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਗੰਨਾ ਕਾਸ਼ਤਕਾਰਾਂ ਦੀ ਭਲਾਈ ਨੂੰ ਯਕੀਨੀ ਬਣਾਉਣ ਲਈ ਪਹਿਲਕਦਮੀਆਂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਸ਼ੂਗਰਫੈੱਡ ਵੱਲੋਂ ਕਿਸਾਨਾਂ ਦੇ ਸਾਰੇ ਬਕਾਏ ਪਹਿਲਾਂ ਹੀ ਨਿਪਟਾ ਦਿੱਤੇ ਗਏ ਹਨ। ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ 380 ਰੁਪਏ ਪ੍ਰਤੀ ਕੁਇੰਟਲ ਐਸ.ਏ.ਪੀ. 'ਤੇ ਗੰਨੇ ਦੀ ਖਰੀਦ ਕੀਤੀ ਹੈ।

ਪੰਜਾਬ ਨੂੰ ਮੌਕਿਆਂ ਦੀ ਧਰਤੀ ਦੱਸਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਵਿੱਚ ਨਿਵੇਸ਼ ਕਰਨ ਲਈ ਕਈ ਕੰਪਨੀਆਂ ਨਾਲ ਗੱਲਬਾਤ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਉਦਯੋਗਿਕ ਧੁਰੇ ਵਜੋਂ ਤੇਜ਼ੀ ਨਾਲ ਉਭਰ ਰਹੇ ਸੂਬੇ ਵਿੱਚ ਨਿਵੇਸ਼ ਕਰਨ ਨਾਲ ਉੱਦਮੀਆਂ ਨੂੰ ਬਹੁਤ ਲਾਭ ਹੋਵੇਗਾ। ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਵਿੱਚ ਭਾਈਚਾਰਕ ਸਾਂਝ, ਸ਼ਾਂਤੀ ਅਤੇ ਸਦਭਾਵਨਾ ਹੈ, ਜੋ ਸੂਬੇ ਦੇ ਸਰਬਪੱਖੀ ਵਿਕਾਸ ਅਤੇ ਖ਼ੁਸ਼ਹਾਲੀ ਦਾ ਮੁੱਖ ਆਧਾਰ ਹਨ।

ਇਸ ਤੋਂ ਪਹਿਲਾਂ ਵਾਤਾਵਰਨ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਆਪਣੇ ਸੰਬੋਧਨ ਵਿੱਚ ਕਾਨਫਰੰਸ ਵਿੱਚ ਆਏ ਮਹਿਮਾਨਾਂ ਦਾ ਸਵਾਗਤ ਕੀਤਾ। ਉਨ੍ਹਾਂ ਨੇ ਆਪਣੇ ਵਿਭਾਗ ਵੱਲੋਂ ਪਰਾਲੀ ਸਾੜਨ ਦੀ ਸਮੱਸਿਆ ਨੂੰ ਖਤਮ ਕਰਨ ਲਈ ਕੀਤੀਆਂ ਗਈਆਂ ਵੱਖ-ਵੱਖ ਪਹਿਲਕਦਮੀਆਂ ਜਿਵੇਂ ਕਿ ਫਸਲ ਦੀ ਰਹਿੰਦ-ਖੂੰਹਦ ਦਾ ਖੇਤਾਂ ਵਿਚ ਜਾਂ ਖੇਤਾਂ ਤੋਂ ਬਾਹਰ ਨਿਪਟਾਰਾ ਦਾ ਜ਼ਿਕਰ ਵੀ ਕੀਤਾ। ਮੀਤ ਹੇਅਰ ਨੇ ਕਿਹਾ ਕਿ ਸੂਬਾ ਸਰਕਾਰ ਕਿਸਾਨਾਂ ਨੂੰ ਇਸ ਰੁਝਾਨ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰ ਰਹੀ ਹੈ ਅਤੇ ਉਨ੍ਹਾਂ ਦਾ ਸਨਮਾਨ ਵੀ ਕਰ ਰਹੀ ਹੈ।

ਮੁੱਖ ਮੰਤਰੀ ਨੇ ਕੇਂਦਰੀ ਮੰਤਰੀ ਭੁਪਿੰਦਰ ਯਾਦਵ ਅਤੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੂੰ ਫੁਲਕਾਰੀ, ਬੂਟਾ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਮਾਡਲ ਨਾਲ ਸਨਮਾਨਿਤ ਕੀਤਾ।


NEED A LAWYER ??

KAUR LAW OFFICE

Red Seal NOTARY

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

MANJEET KAUR
LL.B., (London UK)
Barrister, Solicitor & Notary Public

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



## ਫੀਮੇਲ ਹਾਊਸਕੀਪਰ ਦੀ ਲੋੜ

ਮਾਰਖਮ ਹਾਊਸ, ਜਿਸ ਵਿਚ ਕ੍ਰਿਸ਼ਨਾ ਮੰਦਰ ਹੈ, ਲਈ ਫੁਲ ਟਾਈਮ ਲਿਵ ਇਨ ਫੀਮੇਲ ਹਾਊਸਕੀਪਰ ਦੀ ਲੋੜ ਹੈ। ਘਰ ਪੂਰੀ ਤਰ੍ਹਾਂ ਸ਼ਾਕਾਹਾਰੀ ਹੈ, ਇੱਥੋਂ ਤੱਕ ਕਿ ਪਿਆਜ ਅਤੇ ਲਹਿਸਣ ਦੀ ਵਰਤੋਂ ਦੀ ਵੀ ਆਗਿਆ ਨਹੀਂ ਹੈ। ਕੰਮ ਦੇ ਵਿਚ ਖਾਣਾ ਬਣਾਉਣਾ, ਸਾਫ-ਸਫਾਈ ਅਤੇ ਸਾਰੇ ਘਰ ਦੀ ਵਧੀਆ ਤਰੀਕੇ ਨਾਲ ਸੰਭਾਲ ਕਰਨੀ ਸ਼ਾਮਲ ਹਨ। ਹਾਊਸਕੀਪਰ ਨੂੰ ਘਰ ਦੇ ਮੈਂਬਰ ਵਾਂਗ ਰੱਖਿਆ ਜਾਵੇਗਾ। ਚਾਹਵਾਨ ਕ੍ਰਿਪਾ ਕਰਕੇ vbsharma@vbsharma.ca ਉਤੇ ਅਪਲਾਈ ਕਰਨ। ਫੋਨ ਨੰਬਰ 416-292-4431 ext. 224 ਉਤੇ 3 ਵਜੇ ਤੋਂ ਬਾਅਦ ਸੰਪਰਕ ਕਰ ਸਕਦੇ ਹਨ।



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.


(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca


## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈੱਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

## ਲੜਕੇ ਦੀ ਲੋੜ

June 24 1990, Height: 5 feet 7inches, Study: Bachelor of Nursing, Occupation: Registered Nurse (RN) Job: Employed at Brampton Civic Hospital, Boy should be preferably in Ludhiana district and Brampton, Jatt Sikh, No drugs or alcohol, Contact : 647-388-1992

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਜੱਟ ਸਿੱਖ 1996/5'-3'', ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ:9478403300

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈੱਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜ਼ਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com


A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
- ਮੁਫਤ ਪਿਕਅਪ ਅਤੇ ਡਰਾਪ ਆਫ
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ



Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Natasha Mahal Co-Host
Cell:416-587-5520
Email: iqbalmahal46@gmail.com
Iqbal Mahal Producer & Host
Serving the South Asian Community Since 1976



STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ



ਸੈਲ ਐਡ ਫਿਕਸ
ਟ੍ਰਕ ਡਰਾਇਵਰਾਂ ਤੇ ਸਟੂਡੈਂਟਾਂ ਲਈ ਧਮਾਕੇਦਾਰ ਤੇ ਸਸਤੇ ਫੋਨ ਪਲੈਨ।
ਫੋਨ: 905-790-9999
2565 Steeles Ave E unit 3, Brampton, ON L6T 4L6

# ਪਾਕਿਸਤਾਨ 'ਚ ਬੱਸ ਖੱਡ ਵਿਚ ਡਿੱਗਣ ਕਾਰਨ 15 ਲੋਕਾਂ ਦੀ ਮੌਤ, 60 ਜ਼ਖਮੀ



ਲਾਹੌਰ, 20 ਫਰਵਰੀ (ਪੋਸਟ ਬਿਊਰੋ): ਪਾਕਿਸਤਾਨ ਵਿੱਚ ਇੱਕ ਦਰਦਨਾਕ ਸੜਕ ਹਾਦਸੇ ਦੀ ਖ਼ਬਰ ਹੈ। ਜਾਣਕਾਰੀ ਮੁਤਾਬਕ ਇਹ ਘਟਨਾ ਪਾਕਿਸਤਾਨ ਦੇ ਪੰਜਾਬ ਸੂਬੇ ਦੀ ਹੈ। ਅਧਿਕਾਰੀਆਂ ਨੇ ਸੋਮਵਾਰ ਨੂੰ ਦੱਸਿਆ ਕਿ ਪਾਕਿਸਤਾਨ ਦੇ ਪੰਜਾਬ ਸੂਬੇ 'ਚ ਵਿਆਹ ਦੇ ਜਲੂਸਾਂ ਨੂੰ ਲੈ ਕੇ ਜਾ ਰਹੀ ਤੇਜ਼ ਰਫਤਾਰ ਬੱਸ ਦੇ ਖੱਡ 'ਚ ਡਿੱਗਣ ਕਾਰਨ ਘੱਟੋ-ਘੱਟ 15 ਲੋਕਾਂ ਦੀ ਮੌਤ ਹੋ ਗਈ ਅਤੇ 60 ਹੋਰ ਜ਼ਖਮੀ ਹੋ ਗਏ। ਪ੍ਰਾਪਤ ਜਾਣਕਾਰੀ ਅਨੁਸਾਰ ਇਸਲਾਮਾਬਾਦ ਤੋਂ ਲਾਹੌਰ ਜਾ ਰਹੀ ਬੱਸ ਲਾਹੌਰ ਤੋਂ ਕਰੀਬ 240 ਕਿਲੋਮੀਟਰ ਦੂਰ ਕੱਲਰ ਕਹਰ ਸਾਲਟ ਰੇਂਜ ਇਲਾਕੇ ਵਿੱਚ ਐਤਵਾਰ ਦੇਰ ਰਾਤ ਪਲਟ ਗਈ। ਬਚਾਅ ਸੇਵਾ ਦੇ ਅਧਿਕਾਰੀ ਮੁਹੰਮਦ ਫਾਰੂਕ ਨੇ ਸੋਮਵਾਰ ਨੂੰ ਦੱਸਿਆ, "ਬੱਸ ਉਲਟ ਦਿਸ਼ਾ ਤੋਂ ਆ ਰਹੇ ਤਿੰਨ ਵਾਹਨਾਂ ਨਾਲ ਟਕਰਾ ਗਈ ਅਤੇ ਪਲਟਣ ਤੋਂ ਪਹਿਲਾਂ ਖੱਡ 'ਚ ਜਾ ਡਿੱਗੀ।" ਬੱਸ ਇਕ ਵਿਆਹ ਸਮਾਗਮ ਤੋਂ ਵਾਪਸ ਆ ਰਹੇ ਲੋਕਾਂ ਨੂੰ ਲੈ ਕੇ ਜਾ ਰਹੀ ਸੀ।

ਐਮਰਜੈਂਸੀ ਬਚਾਅ ਸੇਵਾ 'ਰੇਸਕਿਊ 1122' ਨੇ ਦੱਸਿਆ ਕਿ ਇਹ ਹਾਦਸਾ ਬ੍ਰੇਕ ਫੇਲ ਹੋਣ ਕਾਰਨ ਵਾਪਰਿਆ। ਫਾਰੂਕ ਨੇ ਦੱਸਿਆ ਕਿ ਮ੍ਰਿਤਕਾਂ ਅਤੇ ਕਈ ਜ਼ਖਮੀਆਂ ਨੂੰ ਬੱਸ ਦੇ ਸ਼ੀਸ਼ੇ ਕੱਟ ਕੇ ਬਾਹਰ ਕੱਢਿਆ ਗਿਆ। ਉਨ੍ਹਾਂ ਕਿਹਾ, "ਜ਼ਖਮੀਆਂ ਨੂੰ ਰਾਵਲਪਿੰਡੀ ਅਤੇ ਇਸਲਾਮਾਬਾਦ ਦੇ ਹਸਪਤਾਲਾਂ ਵਿੱਚ ਲਿਜਾਇਆ ਗਿਆ ਹੈ, ਜਿੱਥੇ ਉਨ੍ਹਾਂ ਵਿੱਚੋਂ 11 ਦੀ ਹਾਲਤ ਨਾਜ਼ੁਕ ਹੈ।" ਉਨ੍ਹਾਂ ਦੱਸਿਆ ਕਿ ਮਰਨ ਵਾਲਿਆਂ ਵਿੱਚ ਛੇ ਔਰਤਾਂ ਵੀ ਸ਼ਾਮਲ ਹਨ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਇਸ ਹਾਦਸੇ 'ਤੇ ਦੁੱਖ ਪ੍ਰਗਟ ਕੀਤਾ ਹੈ। ਉਨ੍ਹਾਂ ਨੇ ਅਧਿਕਾਰੀਆਂ ਨੂੰ ਜ਼ਖਮੀਆਂ ਨੂੰ ਬਿਹਤਰ ਮੈਡੀਕਲ ਸਹੂਲਤਾਂ ਮੁਹੱਈਆ ਕਰਵਾਉਣ ਦੇ ਨਿਰਦੇਸ਼ ਦਿੱਤੇ।

# ਤੁਰਕੀ-ਸੀਰੀਆ 'ਚ ਫਿਰ ਮਹਿਸੂਸ ਕੀਤੇ ਗਏ ਭੂਚਾਲ ਦੇ ਝਟਕੇ, 6.3 ਰਹੀ ਤੀਬਰਤਾ

ਅੰਕਾਰਾ, 20 ਫਰਵਰੀ (ਪੋਸਟ ਬਿਊਰੋ): ਤੁਰਕੀ ਅਤੇ ਸੀਰੀਆ 'ਚ ਸੋਮਵਾਰ ਨੂੰ ਇਕ ਵਾਰ ਫਿਰ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ। ਸਮਾਚਾਰ ਏਜੰਸੀ ਰਾਇਟਰਸ ਦੇ ਮੁਤਾਬਕ ਯੂਰਪੀਅਨ ਮੈਡੀਟੇਰੀਅਨ ਸੀਸਮੋਲੋਜੀਕਲ ਸੈਂਟਰ (ਈਐੱਮਐੱਸਸੀ) ਨੇ ਰਿਕਟਰ ਪੈਮਾਨੇ 'ਤੇ ਭੂਚਾਲ ਦੀ ਤੀਬਰਤਾ 6.3 ਮਾਪੀ ਗਈ ਹੈ। ਜ਼ਿਕਰਯੋਗ ਹੈ ਕਿ ਦੋ ਹਫਤੇ ਪਹਿਲਾਂ ਤੁਰਕੀ 'ਚ ਆਏ ਭੂਚਾਲ ਦੇ ਝਟਕਿਆਂ 'ਚ ਭਾਰੀ ਤਬਾਹੀ ਦੇਖਣ ਨੂੰ ਮਿਲੀ ਸੀ। ਤੁਰਕੀ ਅਤੇ ਸੀਰੀਆ ਵਿਚ ਭੂਚਾਲ ਦੀ ਘਟਨਾ ਤੋਂ ਬਾਅਦ ਰਾਹਤ ਅਤੇ ਬਚਾਅ ਦਾ ਕੰਮ ਅਜੇ ਵੀ ਜਾਰੀ ਹੈ।

ਤੁਹਾਨੂੰ ਦੱਸ ਦੇਈਏ ਕਿ ਤੁਰਕੀ ਅਤੇ ਸੀਰੀਆ ਵਿੱਚ 6 ਫਰਵਰੀ ਨੂੰ ਆਏ ਭੂਚਾਲ ਦੇ ਦੋ ਹਫ਼ਤਿਆਂ ਬਾਅਦ ਵੀ ਮੌਤਾਂ ਦੀ ਗਿਣਤੀ ਵੱਧ ਰਹੀ ਹੈ। ਜਾਣਕਾਰੀ ਮੁਤਾਬਕ ਹੁਣ ਤੱਕ 41 ਹਜ਼ਾਰ ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ।




ਦੋਹਾਂ ਦੇਸ਼ਾਂ 'ਚ ਰਾਹਤ ਅਤੇ ਬਚਾਅ ਕੰਮ ਅਜੇ ਵੀ ਜਾਰੀ ਹੈ। ਦੁਨੀਆ ਭਰ ਦੇ 95 ਦੇਸ਼ਾਂ ਤੋਂ ਦੋਵਾਂ ਦੇਸ਼ਾਂ ਨੂੰ ਮਦਦ ਭੇਜੀ ਜਾ ਰਹੀ ਹੈ। ਸੰਯੁਕਤ ਰਾਸ਼ਟਰ ਨੇ ਤੁਰਕੀ ਦੇ ਲੋਕਾਂ ਲਈ ਇੱਕ ਅਰਬ ਡਾਲਰ ਇਕੱਠੇ ਕਰਨ ਦੀ ਮਾਨਵਤਾਵਾਦੀ ਅਪੀਲ ਕੀਤੀ ਹੈ। ਇੱਥੇ ਸੋਮਵਾਰ ਰਾਤ ਨੂੰ ਭਾਰਤ ਦੇ ਜੰਮੂ-ਕਸ਼ਮੀਰ ਦੇ ਕਟੜਾ ਇਲਾਕੇ 'ਚ ਵੀ 3.4 ਤੀਬਰਤਾ ਦੇ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ। ਅਧਿਕਾਰੀਆਂ ਨੇ ਦੱਸਿਆ ਕਿ ਕਿਤੇ ਵੀ ਕਿਸੇ ਜਾਨੀ ਜਾਂ ਸੰਪਤੀ ਨੂੰ ਨੁਕਸਾਨ ਹੋਣ ਦੀ ਕੋਈ ਸੂਚਨਾ ਨਹੀਂ ਹੈ।

# ਪਾਕਿਸਤਾਨ ਦੇ ਮੰਤਰੀ ਦਾ ਵੱਡਾ ਬਿਆਨ ਕਿਹਾ 'ਅਸੀਂ ਦੀਵਾਲੀਆ ਹੋ ਗਏ ਹਾਂ'

ਇਸਲਾਮਾਬਾਦ, 20 ਫਰਵਰੀ (ਪੋਸਟ ਬਿਊਰੋ): ਪਾਕਿਸਤਾਨ ਦੇ ਵਿਗੜਦੇ ਆਰਥਿਕ ਹਾਲਾਤ ਦਰਮਿਆਨ ਰੱਖਿਆ ਮੰਤਰੀ ਖਵਾਜਾ ਆਸਿਫ਼ ਨੇ ਵੱਡਾ ਬਿਆਨ ਦਿੱਤਾ ਹੈ। ਆਸਿਫ਼ ਨੇ ਐਤਵਾਰ ਨੂੰ ਕਿਹਾ ਕਿ ਉਨ੍ਹਾਂ ਦਾ ਦੇਸ਼ ਦੀਵਾਲੀਆ ਹੋ ਗਿਆ ਹੈ। ਉਨ੍ਹਾਂ ਦਾ ਇਹ ਬਿਆਨ ਅਜਿਹੇ ਸਮੇਂ 'ਚ ਆਇਆ ਹੈ ਜਦੋਂ ਪਾਕਿਸਤਾਨ ਨੂੰ ਆਈਐਮਐਫ ਤੋਂ 7 ਅਰਬ ਡਾਲਰ ਦੇ ਰਾਹਤ ਪੈਕੇਜ ਦੀ ਉਮੀਦ ਹੁਣ ਨਾਂਹ ਦੇ ਬਰਾਬਰ ਹੈ। ਆਸਿਫ਼ ਨੇ ਸਿਆਲਕੋਟ ਵਿੱਚ ਇੱਕ ਰੈਲੀ ਦੌਰਾਨ ਕਿਹਾ ਕਿ ਪਾਕਿਸਤਾਨ ਪਹਿਲਾਂ ਹੀ ਡਿਫਾਲਟਰ ਹੋ ਚੁੱਕਾ ਹੈ। ਹੁਣ ਇਸ ਆਰਥਿਕ ਸੰਕਟ ਲਈ ਸਿਆਸਤਦਾਨਾਂ ਅਤੇ ਅਫ਼ਸਰਸ਼ਾਹੀ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ।

ਇੱਕ ਬਿਆਨ ਵਿੱਚ ਆਸਿਫ਼ ਨੇ ਕਿਹਾ ਕਿ ਤੁਸੀਂ ਸਾਰਿਆਂ ਨੇ ਸੁਣਿਆ ਹੋਵੇਗਾ ਕਿ ਪਾਕਿਸਤਾਨ ਦੀਵਾਲੀਆ ਹੋਣ ਜਾ ਰਿਹਾ ਹੈ ਅਤੇ ਇਸਦੀ ਸ਼ੁਰੂਆਤ ਹੋ ਚੁੱਕੀ ਹੈ। ਪਰ ਤੁਹਾਨੂੰ ਦੱਸ ਦਈਏ ਕਿ ਪਾਕਿਸਤਾਨ ਡਿਫਾਲਟਰ ਨਹੀਂ ਹੋ ਰਿਹਾ ਸਗੋਂ ਪਹਿਲਾਂ ਹੀ ਡਿਫਾਲਟਰ ਹੋ ਚੁੱਕਾ ਹੈ। ਸਾਡੇ ਦੇਸ਼ ਵਿੱਚ ਸਮੱਸਿਆ ਦਾ ਹੱਲ ਵੀ



ਦੇਸ਼ ਦੇ ਅੰਦਰ ਹੀ ਹੈ। ਆਈਐਮਐਫ ਕੋਲ ਸਾਡੇ ਦੇਸ਼ ਦੀਆਂ ਸਮੱਸਿਆਵਾਂ ਦਾ ਹੱਲ ਨਹੀਂ ਹੈ। ਅੱਜ ਹਰ ਕੋਈ ਦੇਸ਼ ਦੀ ਇਸ ਹਾਲਤ ਲਈ ਸਰਕਾਰ, ਅਫਸਰਸ਼ਾਹੀ ਅਤੇ ਸਿਆਸਤਦਾਨਾਂ ਨੂੰ ਜ਼ਿੰਮੇਵਾਰ ਠਹਿਰਾ ਰਿਹਾ ਹੈ। ਕਿਹਾ ਜਾ ਰਿਹਾ ਹੈ ਕਿ ਅਜਿਹਾ ਇਸ ਲਈ ਹੋਇਆ ਕਿਉਂਕਿ ਪਾਕਿਸਤਾਨ 'ਚ ਕੋਈ ਵੀ ਕਾਨੂੰਨ ਅਤੇ ਸੰਵਿਧਾਨ ਦੀ ਪਾਲਣਾ ਨਹੀਂ ਕਰਦਾ।

ਤੁਹਾਨੂੰ ਦੱਸ ਦੇਈਏ ਕਿ ਨਕਦੀ ਦੀ ਭਾਰੀ ਕਿੱਲਤ ਦਾ ਸਾਹਮਣਾ ਕਰ ਰਹੇ ਪਾਕਿਸਤਾਨ ਵਿੱਚ ਸਾਲਾਨਾ ਮਹਿੰਗਾਈ ਦਰ ਇਸ ਹਫਤੇ ਵਧ ਕੇ ਰਿਕਾਰਡ 38.42 ਫੀਸਦੀ ਹੋ ਗਈ ਹੈ। ਪਾਕਿਸਤਾਨ 'ਚ ਜ਼ਰੂਰੀ ਵਸਤਾਂ ਦੀਆਂ ਕੀਮਤਾਂ 'ਚ ਲਗਾਤਾਰ ਵਾਧੇ ਕਾਰਨ ਮਹਿੰਗਾਈ ਇਸ ਪੱਧਰ 'ਤੇ ਪਹੁੰਚ ਗਈ ਹੈ।

ਪਾਕਿਸਤਾਨ ਬਿਊਰੋ ਆਫ ਸਟੈਟਿਸਟਿਕਸ ਦੇ ਤਾਜ਼ਾ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ, 'ਦਿ ਐਕਸਪ੍ਰੈਸ ਟ੍ਰਿਬਿਊਨ' ਨੇ ਸ਼ਨੀਵਾਰ ਨੂੰ ਇੱਕ ਰਿਪੋਰਟ ਵਿੱਚ ਕਿਹਾ ਕਿ ਸੰਵੇਦੀ ਕੀਮਤ ਸੂਚਕ ਅੰਕ (ਐਸਪੀਆਈ) ਜੋ ਕਿ ਛੋਟੀ ਮਿਆਦ ਦੀ ਮਹਿੰਗਾਈ ਨੂੰ ਮਾਪਦਾ ਹੈ, ਇਸ ਹਫਤੇ ਸਾਲ ਦਰ ਸਾਲ ਦੇ ਮੁਕਾਬਲੇ 38.42 ਫੀਸਦੀ ਹੋ ਗਿਆ ਹੈ। ਹਫਤਾਵਾਰੀ ਪੱਧਰ 'ਤੇ, ਐਸਪੀਆਈ 2.89 ਪ੍ਰਤੀਸ਼ਤ ਵਧਿਆ ਹੈ, ਜਦੋਂ ਕਿ ਪਿਛਲੇ ਹਫ਼ਤੇ ਵਿੱਚ 0.17 ਪ੍ਰਤੀਸ਼ਤ ਦਾ ਵਾਧਾ ਹੋਇਆ ਸੀ। ਪਿਛਲੇ ਹਫ਼ਤੇ, ਸਾਲਾਨਾ ਐਸਪੀਆਈ ਮਹਿੰਗਾਈ ਦਰ 34.83 ਪ੍ਰਤੀਸ਼ਤ ਦਰਜ ਕੀਤੀ ਗਈ ਸੀ। ਮਹਿੰਗਾਈ ਵਿੱਚ ਇਹ ਵਾਧਾ ਪਾਕਿਸਤਾਨ ਸਰਕਾਰ ਵੱਲੋਂ ਨਵੇਂ ਟੈਕਸ ਲਗਾਉਣ ਅਤੇ ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ ਵਿੱਚ ਵਾਧੇ ਕਾਰਨ ਹੋਇਆ ਹੈ। ਸਰਕਾਰ ਨੇ ਇਹ ਕਦਮ ਅੰਤਰਰਾਸ਼ਟਰੀ ਮੁਦਰਾ ਫੰਡ ਤੋਂ 1.1 ਬਿਲੀਅਨ ਡਾਲਰ ਦੀ ਮਦਦ ਲੈਣ ਦੀ ਸ਼ਰਤ ਵਜੋਂ ਚੁੱਕਿਆ ਹੈ।

# ਆਸਾਮ ਵਿਚ ਔਰਤ ਨੇ ਪ੍ਰੇਮੀ ਨਾਲ ਮਿਲ ਕੇ ਪਤੀ ਅਤੇ ਸੱਸ ਦਾ ਕੀਤਾ ਕਤਲ, ਸਰੀਰ ਦੇ ਅੰਗ ਲੁਕਾਏ ਫਰਿੱਜ 'ਚ



ਨਵੀਂ ਦਿੱਲੀ, 20 ਫਰਵਰੀ (ਪੋਸਟ ਬਿਊਰੋ): ਦਿੱਲੀ 'ਚ ਸ਼ਰਧਾ ਵਾਕਰ ਅਤੇ ਨਿੱਕੀ ਦੇ ਕਤਲ ਤੋਂ ਬਾਅਦ ਅਸਾਮ ਤੋਂ ਵੀ ਇਕ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਲਾਸ਼ਾਂ ਦੇ ਟੁਕੜੇ-ਟੁਕੜੇ ਕਰ ਕੇ ਫਰਿਜ 'ਚ ਛੁਪਾ ਦਿੱਤਾ ਗਿਆ ਸੀ। ਪੁਲਿਸ ਅਨੁਸਾਰ ਇੱਥੇ ਇੱਕ ਔਰਤ ਨੇ ਕਥਿਤ ਤੌਰ 'ਤੇ ਆਪਣੇ ਪਤੀ ਅਤੇ ਸੱਸ ਦਾ ਕਤਲ ਕਰਕੇ ਉਨ੍ਹਾਂ ਦੀਆਂ ਲਾਸ਼ਾਂ ਨੂੰ ਫਰਿਜ ਵਿੱਚ ਲੁਕਾ ਦਿੱਤਾ ਸੀ। ਮਾਮਲੇ ਦੀ ਜਾਂਚ ਕਰ ਰਹੀ ਪੁਲਿਸ ਮੁਤਾਬਕ ਇਹ ਪੂਰਾ ਮਾਮਲਾ ਆਸਾਮ ਦੇ ਨੂਨਮਤੀ ਇਲਾਕੇ ਨਾਲ ਸਬੰਧਤ ਹੈ।

ਪੁਲਸ ਨੇ ਮੁਲਜ਼ਮ ਔਰਤ ਦੀ ਪਛਾਣ ਵੰਦਨਾ ਕਲਿਤਾ ਵਜੋਂ ਕੀਤੀ ਹੈ। ਪੁਲਸ ਦੀ ਸ਼ੁਰੂਆਤੀ ਜਾਂਚ 'ਚ ਪਤਾ ਲੱਗਾ ਹੈ ਕਿ ਵੰਦਨਾ ਦੇ ਵਿਆਹ ਤੋਂ ਬਾਅਦ ਹੀ ਕਿਸੇ ਨਾਲ ਸਬੰਧ ਸਨ। ਇਸ ਕਾਰਨ ਵੰਦਨਾ ਨੇ ਪਤੀ ਅਮਰਜਯੋਤੀ ਡੇਅ ਅਤੇ ਸੱਸ ਸ਼ੰਕਰੀ ਡੇਨ ਦੀ ਹੱਤਿਆ ਕਰ ਦਿੱਤੀ। ਪੁਲਸ ਜਾਂਚ 'ਚ ਸਾਹਮਣੇ ਆਇਆ ਹੈ ਕਿ ਦੋਹਾਂ ਦੀ ਹੱਤਿਆ ਤੋਂ ਤਿੰਨ ਦਿਨ ਬਾਅਦ ਵੰਦਨਾ ਨੇ ਆਪਣੇ ਪ੍ਰੇਮੀ ਦੀ ਮਦਦ ਨਾਲ ਲਾਸ਼ਾਂ ਦੇ ਟੁਕੜੇ ਕਰ ਦਿੱਤੇ ਅਤੇ ਕੁਝ ਟੁਕੜੇ ਮੇਘਾਲਿਆ ਦੇ ਚੇਰਾਪੁੰਜੀ 'ਚ ਸੁੱਟ ਦਿੱਤੇ।

ਪੁਲਿਸ ਅਧਿਕਾਰੀ ਨੇ ਦੱਸਿਆ ਕਿ ਘਟਨਾ ਦੀ ਜਾਣਕਾਰੀ ਮਿਲਣ ਤੋਂ ਬਾਅਦ ਵੰਦਨਾ ਆਸਾਮ ਪੁਲਿਸ ਦੀ ਟੀਮ ਨੂੰ ਲੈ ਕੇ ਚੇਰਾਪੁੰਜੀ 'ਚ ਉਸ ਸਥਾਨ 'ਤੇ ਗਈ ਜਿੱਥੇ ਉਸ ਨੇ ਆਪਣੇ ਪ੍ਰੇਮੀ ਨਾਲ ਮਿਲ ਕੇ ਆਪਣੇ ਪਤੀ ਅਤੇ ਸੱਸ ਦੀਆਂ ਲਾਸ਼ਾਂ ਦੇ ਕੁਝ ਟੁਕੜੇ ਸੁੱਟੇ ਸਨ। ਪੁਲਸ ਪੁੱਛਗਿੱਛ 'ਚ ਵੰਦਨਾ ਨੇ ਦੱਸਿਆ ਕਿ ਉਸ ਨੇ ਦੋਹਾਂ ਲਾਸ਼ਾਂ ਦੇ ਕੁਝ ਟੁਕੜੇ ਕਈ ਦਿਨਾਂ ਤੱਕ ਫਰਿੱਜ 'ਚ ਰੱਖੇ ਸਨ।

# ਕੁਲਦੀਪ ਸਿੰਘ ਧਾਲੀਵਾਲ ਵੱਲੋਂ 'ਪੰਜਾਬੀ ਦਿਵਸ' ਦੀ ਸਮੁੱਚੇ ਪੰਜਾਬੀਆਂ ਨੂੰ ਵਧਾਈ

ਚੰਡੀਗੜ੍ਹ, 20 ਫਰਵਰੀ (ਗਿਆਨ ਸਿੰਘ): ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ, ਪੇਂਡੂ ਵਿਕਾਸ ਤੇ ਪੰਚਾਇਤਾਂ ਅਤੇ ਪ੍ਰਵਾਸੀ ਮਾਮਲਿਆਂ ਸਬੰਧੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਅਧੀਨ ਆਪਣੇ ਵਿਭਾਗਾਂ ਨਾਲ ਸਬੰਧਤ ਅਧਿਕਾਰੀਆਂ ਨੂੰ ਸਮੁੱਚਾ ਕੰਮਕਾਜ ਪੰਜਾਬੀ ਭਾਸ਼ਾ ਵਿੱਚ ਕਰਨਾ ਯਕੀਨੀ ਬਣਾਉਣ ਦੇ ਆਦੇਸ਼ ਦਿੱਤੇ ਹਨ।



ਧਾਲੀਵਾਲ ਨੇ ਸਮੁੱਚੇ ਪੰਜਾਬੀਆਂ ਨੂੰ 'ਪੰਜਾਬੀ ਦਿਵਸ' (21 ਫ਼ਰਵਰੀ) ਦੀ ਵਧਾਈ ਦਿੰਦਿਆਂ ਕਿਹਾ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਨੇ ਵੱਡਾ ਫੈਸਲਾ ਕਰਦਿਆਂ ਸੂਬੇ ਭਰ ਵਿੱਚ ਸਾਰੇ ਬੋਰਡਾਂ ਉਤੇ ਪੰਜਾਬੀ ਭਾਸ਼ਾ ਨੂੰ ਪ੍ਰਮੁੱਖ ਤਰਜੀਹ ਦੇਣ ਦਾ ਐਲਾਨ ਕੀਤਾ ਹੈ। ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਨੇ ਹਰ ਤਰ੍ਹਾਂ ਦੇ ਸਰਕਾਰੀ, ਪ੍ਰਾਈਵੇਟ ਜਾਂ ਹੋਰ ਬੋਰਡ ਉੱਤੇ ਸਭ ਤੋਂ ਉਪਰ ਪੰਜਾਬੀ ਭਾਸ਼ਾ ਲਿਖਣੀ ਲਾਜ਼ਮੀ ਕੀਤੀ ਹੈ, ਇਸ ਤੋਂ ਬਾਅਦ ਕੋਈ ਵੀ ਭਾਸ਼ਾ ਲਿਖੀ ਜਾ ਸਕਦੀ ਹੈ। ਉਨ੍ਹਾਂ ਕਿਹਾ ਇਨ੍ਹਾਂ ਹੁਕਮਾਂ ਦੀ ਪਾਲਣਾ ਨਾ ਕਰਨ ਉਤੇ ਜੁਰਮਾਨੇ ਵੀ ਕੀਤੇ ਜਾਣਗੇ।

ਕੈਬਨਿਟ ਮੰਤਰੀ ਨੇ ਆਪਣੇ ਵਿਭਾਗਾਂ ਨਾਲ ਸਬੰਧਤ ਸੀਨੀਅਰ ਅਧਿਕਾਰੀਆਂ ਅਤੇ ਜ਼ਿਲ੍ਹਾ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦਿਆਂ ਕਿਹਾ ਕਿ ਆਪਣੇ ਦਫ਼ਤਰਾਂ ਦੇ ਸਾਰੇ ਬੋਰਡਾਂ, ਨੋਟਿਸ ਬੋਰਡਾਂ ਅਤੇ ਦਫ਼ਤਰਾਂ ਦੇ ਨਾਂ ਲਿਖਣ ਵਿੱਚ ਪੰਜਾਬੀ ਨੂੰ ਪਹਿਲ ਦਿੱਤੀ ਜਾਵੇ ਅਤੇ ਬਾਕੀ ਭਾਸ਼ਾਵਾਂ ਪੰਜਾਬੀ ਤੋਂ ਬਾਅਦ ਲਿਖੀਆਂ ਜਾਣ।

ਉਨ੍ਹਾਂ ਸਮੁੱਚੇ ਪੰਜਾਬੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਪੰਜਾਬੀ ਮਾਂ ਬੋਲੀ ਨੂੰ ਆਪਣੇ ਪਰਿਵਾਰਾਂ ਵਿੱਚ ਜ਼ਿੰਦਾ ਰੱਖਣੀ ਯਕੀਨੀ ਬਣਾਉਣ।

# ਗੋਂਡਾ 'ਚ 22 ਸਾਲ ਪਹਿਲਾਂ ਲੁੱਟ-ਖੋਹ ਕਰਕੇ 6 ਕਤਲ ਕਰਨ ਵਾਲੇ ਦਾ ਐਨਕਾਊਂਟਰ, ਪੀੜਤ ਪਰਿਵਾਰ ਨੇ ਕਿਹਾ, 'ਅੱਜ ਮਿਲਿਆ ਇਨਸਾਫ'

ਯੂਪੀ, 20 ਫਰਵਰੀ (ਪੋਸਟ ਬਿਊਰੋ): ਯੂਪੀ ਦੇ ਗੋਂਡਾ ਜ਼ਿਲ੍ਹੇ ਵਿੱਚ 22 ਸਾਲ ਪਹਿਲਾਂ ਨਗਰ ਕੋਤਵਾਲੀ ਇਲਾਕੇ ਵਿੱਚ ਲੁੱਟ-ਖੋਹ ਕਰਨ ਅਤੇ 6 ਲੋਕਾਂ ਦੀ ਹੱਤਿਆ ਕਰਨ ਵਾਲੇ ਬਦਮਾਸ਼ ਨੂੰ ਯੂਪੀ ਐਸਟੀਐਫ ਨੇ ਬੁਲੰਦਸ਼ਹਿਰ ਵਿੱਚ ਇੱਕ ਮੁਕਾਬਲੇ ਵਿੱਚ ਮਾਰ ਦਿੱਤਾ ਹੈ। ਇਸ ਬਦਮਾਸ਼ ਨੇ 16-17 ਅਗਸਤ 2001 ਦੀ ਦਰਮਿਆਨੀ ਰਾਤ ਨੂੰ ਨਗਰ ਕੋਤਵਾਲੀ ਖੇਤਰ ਦੇ ਮੇਵਾਟੀਆਂ ਇਲਾਕੇ ਵਿੱਚ ਰਹਿੰਦੇ ਰੇਲਵੇ ਠੇਕੇਦਾਰ ਦੇ ਘਰ ਲੁੱਟ-ਖੋਹ ਕੀਤੀ ਸੀ ਅਤੇ ਪਰਿਵਾਰ ਦੇ 6 ਜੀਆਂ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਸੀ। ਮ੍ਰਿਤਕਾਂ ਵਿੱਚ ਦੋ ਮਾਸੂਮ ਬੱਚੇ ਵੀ ਸ਼ਾਮਲ ਹਨ। ਇਸ ਘਟਨਾ 'ਚ 7 ਲੋਕ ਗੰਭੀਰ ਜ਼ਖਮੀ ਹੋ ਗਏ। ਪੁਲਿਸ ਨੇ ਇਸ ਵਹਿਸ਼ੀ ਕਾਤਲ 'ਤੇ ਇੱਕ ਲੱਖ ਰੁਪਏ ਦਾ ਇਨਾਮ ਐਲਾਨਿਆ ਹੋਇਆ ਸੀ। ਸੋਮਵਾਰ ਨੂੰ ਜਦੋਂ ਮ੍ਰਿਤਕਾ ਦੇ ਪਰਿਵਾਰਕ ਮੈਂਬਰਾਂ ਨੂੰ ਮੁਕਾਬਲੇ 'ਚ ਕਾਤਲ ਦੇ ਮਾਰੇ ਜਾਣ ਦੀ ਖ਼ਬਰ ਮਿਲੀ ਤਾਂ ਉਨ੍ਹਾਂ ਦੇ ਚਿਹਰਿਆਂ 'ਤੇ ਸੰਤੁਸ਼ਟੀ ਝਲਕ ਰਹੀ ਸੀ।



17 ਅਗਸਤ, 2001 ਦੀ ਰਾਤ ਨੂੰ ਹਥਿਆਰਬੰਦ ਡਾਕੂਆਂ ਨੇ ਜ਼ਿਲ੍ਹੇ ਦੇ ਨਗਰ ਕੋਤਵਾਲੀ ਖੇਤਰ ਦੇ ਭਟੀਆਂ ਇਲਾਕੇ ਵਿੱਚ ਰੇਲਵੇ ਠੇਕੇਦਾਰ ਤਾਰਿਕ ਸਿੱਦੀਕੀ ਦੇ ਘਰ ਲੁੱਟ ਲਿਆ ਸੀ। ਇਸ 'ਚ ਬਦਮਾਸ਼ਾਂ ਨੇ ਉਸ ਦੇ ਪਿਤਾ ਸਮੇਤ 6 ਲੋਕਾਂ ਦੀ ਹੱਤਿਆ ਕਰ ਦਿੱਤੀ, ਜਦਕਿ 7 ਲੋਕ ਗੰਭੀਰ ਜ਼ਖ਼ਮੀ ਹੋ ਗਏ। ਮ੍ਰਿਤਕਾਂ ਵਿੱਚ ਦੋ ਮਾਸੂਮ ਬੱਚੇ ਵੀ ਸ਼ਾਮਲ ਹਨ। ਵਾਰਦਾਤ ਨੂੰ ਅੰਜਾਮ ਦੇਣ ਵਾਲੇ ਲੁਟੇਰਿਆਂ ਨੇ ਲੱਖਾਂ ਰੁਪਏ ਦੀ ਨਕਦੀ ਅਤੇ ਗਹਿਣੇ ਲੁੱਟ ਲਏ ਸਨ। ਇਸ ਮਾਮਲੇ ਵਿੱਚ ਪੀੜਤਾ ਵੱਲੋਂ ਥਾਣਾ ਸਿਟੀ ਵਿੱਚ 10 ਅਣਪਛਾਤੇ ਬਦਮਾਸ਼ਾਂ ਖ਼ਿਲਾਫ਼ ਡਕੈਤੀ ਅਤੇ ਕਤਲ ਦੀ ਰਿਪੋਰਟ ਦਰਜ ਕਰਵਾਈ ਗਈ ਸੀ। ਇਸ ਮਾਮਲੇ ਵਿੱਚ ਤਤਕਾਲੀ ਕੋਤਵਾਲ ਹੀਰਾ ਸਿੰਘ ਨੇ ਫਿਰੋਜ਼ਾਬਾਦ ਦੇ ਰਹਿਣ ਵਾਲੇ ਬਦਮਾਸ਼ ਸਾਹਬ ਸਿੰਘ ਸਮੇਤ 10 ਬਦਮਾਸ਼ਾਂ ਖ਼ਿਲਾਫ਼ ਚਾਰਜਸ਼ੀਟ ਦਾਇਰ ਕੀਤੀ ਸੀ। ਇਸ ਤੋਂ ਬਾਅਦ ਪੁਲਿਸ ਨੇ ਸਾਹਿਬ ਸਿੰਘ 'ਤੇ ਇੱਕ ਲੱਖ ਦਾ ਇਨਾਮ ਘੋਸ਼ਿਤ ਕੀਤਾ ਸੀ। ਯੂਪੀ ਐਸਟੀਐਫ ਦੀ ਟੀਮ ਨੇ ਐਤਵਾਰ ਨੂੰ ਫਿਰੋਜ਼ਾਬਾਦ ਜ਼ਿਲ੍ਹੇ ਵਿੱਚ ਸਾਹਿਬ ਸਿੰਘ ਨੂੰ ਇੱਕ ਮੁਕਾਬਲੇ ਵਿੱਚ ਮਾਰ ਦਿੱਤਾ।

ਵਹਿਸ਼ੀ ਬਦਮਾਸ਼ ਸਾਹਿਬ ਸਿੰਘ ਦੀ ਮੌਤ ਦੀ ਖ਼ਬਰ ਸੁਣਦਿਆਂ ਹੀ ਉਹ ਦਰਦਨਾਕ ਦ੍ਰਿਸ਼ ਇੱਕ ਵਾਰ ਫਿਰ ਪੀੜਤ ਪਰਿਵਾਰ ਦੀਆਂ ਅੱਖਾਂ ਸਾਹਮਣੇ ਘੁੰਮ ਗਿਆ। ਤਾਰਿਕ ਨੇ ਕਿਹਾ ਕਿ ਉਨ੍ਹਾਂ ਨੂੰ ਯਕੀਨ ਹੈ ਕਿ ਪ੍ਰਮਾਤਮਾ ਇੱਕ ਦਿਨ ਇਨਸਾਫ਼ ਜ਼ਰੂਰ ਕਰੇਗਾ। ਅੱਜ ਸਾਨੂੰ ਨਿਆਂ ਮਿਲਿਆ, ਮੈਂ ਇਸ ਗੱਲ ਤੋਂ ਖੁਸ਼ ਹਾਂ। ਹਾਦਸੇ ਵਿੱਚ ਆਪਣੇ ਮਾਤਾ-ਪਿਤਾ ਅਤੇ ਛੋਟੇ ਭਰਾ ਨੂੰ ਗੁਆਉਣ ਵਾਲੀ ਰਿਫਾ ਨੇ ਦੱਸਿਆ ਕਿ ਅੱਜ ਜਦੋਂ ਉਸ ਦੇ ਪਰਿਵਾਰ ਦੇ ਕਾਤਲ ਸਾਹਿਬ ਸਿੰਘ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਹੈ ਤਾਂ ਉਸ ਨੂੰ ਖੁਸ਼ੀ ਮਿਲੀ ਹੈ।

## ਮਾਨ ਸਰਕਾਰ 23 ਫਰਵਰੀ ਨੂੰ ਚੰਡੀਗੜ੍ਹ ਦੇ ਲੇਕ ਕਲੱਬ ਵਿਖੇ ਨਿਵੇਸ਼ਕਾਂ ਲਈ ਕਰਵਾਏਗੀ ਪੰਜਾਬੀ ਸੱਭਿਆਚਾਰਕ ਸਮਾਗਮ : ਅਨਮੋਲ ਗਗਨ ਮਾਨ



ਚੰਡੀਗੜ੍ਹ, 20 ਫਰਵਰੀ (ਗਿਆਨ ਸਿੰਘ): ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਉਦਯੋਗਾਂ ਅਤੇ ਸੇਵਾ ਖੇਤਰਾਂ ਲਈ ਵਪਾਰਕ ਮਾਹੌਲ ਸਿਰਜਣ ਅਤੇ ਉਤਸ਼ਾਹਿਤ ਕਰਨ ਲਈ ਅਣਥੱਕ ਮਿਹਨਤ ਕਰ ਰਹੀ ਹੈ।ਇਸ ਸਬੰਧ ਵਿੱਚ ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ ਅਤੇ ਨਿਵੇਸ਼ ਪ੍ਰੋਤਸਾਹਨ ਮੰਤਰੀ ਅਨਮੋਲ ਗਗਨ ਮਾਨ ਨੇ ਕਿਹਾ ਕਿ ਰਾਜ ਸਰਕਾਰ 23 ਅਤੇ 24 ਫਰਵਰੀ 2023 ਨੂੰ ਇੰਡੀਅਨ ਸਕੂਲ ਆਫ ਬਿਜ਼ਨਸ (ਆਈਐਸਬੀ), ਮੋਹਾਲੀ ਵਿਖੇ ਹੋਣ ਵਾਲੇ 5ਵੇਂ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ ਵਿੱਚ ਸਾਰੇ ਉਦਯੋਗਪਤੀਆਂ ਦਾ ਸਵਾਗਤ ਕਰੇਗੀ। ਮੰਤਰੀ ਨੇ ਦੱਸਿਆ ਕਿ ਸੈਰ ਸਪਾਟਾ ਵਿਭਾਗ ਨੇ ਲੇਕ ਕਲੱਬ ਚੰਡੀਗੜ ਵਿਖੇ 23 ਫਰਵਰੀ ਨੂੰ ਨਿਵੇਸ਼ਕਾਂ ਲਈ ਪੰਜਾਬੀ ਸੱਭਿਆਚਾਰਕ ਪ੍ਰੋਗਰਾਮ ਦਾ ਪ੍ਰਬੰਧ ਕਰਨ ਲਈ ਇੱਕ ਸੱਭਿਆਚਾਰਕ ਕਮੇਟੀ ਬਣਾਈ ਹੈ , ਉਨਾਂ ਕਿਹਾ ਕਿ ਇਸ ਸਭਿਆਚਾਰਕ ਪ੍ਰੋਗਰਾਮ ਵਿੱਚ ਪ੍ਰਸਿੱਧ ਪੰਜਾਬੀ ਗਾਇਕ ਸਤਿੰਦਰ ਸਰਤਾਜ ਵੱਲੋ ਸ਼ਾਨਦਾਰ ਪੇਸ਼ਕਾਰੀ ਕੀਤੀ ਜਾਵੇਗੀ।

# ਸਾਬਕਾ ਵਿਦਿਆਰਥੀ ਨੇ ਮਹਿਲਾ ਪ੍ਰੋਫੈਸਰ ਨੂੰ ਲਗਾਈ ਅੱਗ, ਹਾਲਤ ਨਾਜ਼ੁਕ

ਇੰਦੌਰ, 20 ਫਰਵਰੀ (ਪੋਸਟ ਬਿਊਰੋ): ਮੱਧ ਪ੍ਰਦੇਸ਼ ਦੇ ਇੰਦੌਰ ਸ਼ਹਿਰ ਦੇ ਦਿਹਾਤੀ ਖੇਤਰ ਸਿਮਰੋਲ 'ਚ ਕਾਲਜ ਦੇ ਸਾਬਕਾ ਵਿਦਿਆਰਥੀ ਨੇ ਵੱਡੀ ਵਾਰਦਾਤ ਨੂੰ ਅੰਜਾਮ ਦਿੰਦੇ ਹੋਏ ਕਾਲਜ ਦੇ ਖੇਤਰ 'ਚ ਇਕ ਮਹਿਲਾ ਪ੍ਰੋਫੈਸਰ ਨੂੰ ਜ਼ਿੰਦਾ ਸਾੜਨ ਦੀ ਕੋਸ਼ਿਸ਼ ਕੀਤੀ। ਇਕ 50 ਸਾਲਾ ਮਹਿਲਾ ਪ੍ਰੋਫੈਸਰ ਨੂੰ ਇੰਦੌਰ ਦੇ ਚੋਥਰਾਮ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ। ਉਹ 80 ਫੀਸਦੀ ਸੜ ਚੁੱਕੀ ਹੈ ਅਤੇ ਉਸ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ। ਪੁਲੀਸ ਅਨੁਸਾਰ ਪੀੜਤ ਪ੍ਰੋਫੈਸਰ ਦੀ ਪਛਾਣ ਵਿਮੁਕਤਾ ਸ਼ਰਮਾ ਵਜੋਂ ਹੋਈ ਹੈ। ਵਿਮੁਕਤਾ ਬੀਐਮ ਕਾਲਜ ਆਫ ਫਾਰਮੇਸੀ ਵਿੱਚ ਕੰਮ ਕਰਦੀ ਹੈ। ਫਿਲਹਾਲ ਪੁਲਿਸ ਨੇ ਇਸ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਮਾਮਲੇ ਦੀ ਜਾਂਚ 'ਚ ਜੁਟੀ ਪੁਲਸ ਮੁਤਾਬਕ ਇਹ ਘਟਨਾ ਸ਼ਾਮ ਕਰੀਬ 4 ਵਜੇ ਸਿਮਰੋਲ ਦੇ ਬੀਐੱਮ ਫਾਰਮੇਸੀ ਕਾਲਜ ਕੈਂਪਸ 'ਚ ਵਾਪਰੀ। ਘਟਨਾ ਦੇ ਸਮੇਂ ਪ੍ਰੋਫੈਸਰ ਵਿਮੁਕਤਾ ਸ਼ਰਮਾ ਕਾਲਜ ਦਾ ਕੰਮ ਖਤਮ ਕਰਕੇ ਘਰ ਲਈ ਨਿਕਲਣ ਵਾਲਹ ਸੀ। ਇਸ ਦੌਰਾਨ ਮਾਰਕਸ਼ੀਟ ਜਾਰੀ ਕਰਨ ਵਿੱਚ ਦੇਰੀ ਨੂੰ ਲੈ ਕੇ ਉਸ ਦੀ ਮੁਲਜ਼ਮ ਆਸ਼ੂਤੋਸ਼ ਨਾਲ



ਬਹਿਸ ਹੋ ਗਈ। ਇਸ ਤੋਂ ਬਾਅਦ ਮੁਲਜ਼ਮ ਨੇ ਪ੍ਰੋਫੈਸਰ 'ਤੇ ਪੈਟਰੋਲ ਪਾ ਕੇ ਅੱਗ ਲਗਾ ਦਿੱਤੀ। ਇਸ ਤੋਂ ਪਹਿਲਾਂ ਕਿ ਕੋਈ ਵੀ ਪ੍ਰੋਫੈਸਰ ਨੂੰ ਬਚਾਉਣ ਲਈ ਮਦਦ ਲਈ ਆਉਂਦਾ, ਉਹ ਬੁਰੀ ਤਰ੍ਹਾਂ ਸੜ ਗਈ। ਬਾਅਦ 'ਚ ਉਨ੍ਹਾਂ ਨੂੰ ਜਲਦਬਾਜ਼ੀ 'ਚ ਹਸਪਤਾਲ 'ਚ ਭਰਤੀ ਕਰਵਾਇਆ ਗਿਆ। ਜਿੱਥੇ ਉਸ ਦਾ ਫਿਲਹਾਲ ਇਲਾਜ ਚੱਲ ਰਿਹਾ ਹੈ।

ਪੁਲਸ ਦੀ ਸ਼ੁਰੂਆਤੀ ਜਾਂਚ 'ਚ ਪਤਾ ਲੱਗਾ ਹੈ ਕਿ ਆਸ਼ੂਤੋਸ਼ ਸ਼੍ਰੀਵਾਸਤਵ ਨਾਂ ਦੇ ਸਾਬਕਾ ਵਿਦਿਆਰਥੀ ਨੇ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਹੈ। ਘਟਨਾ 'ਚ ਆਸ਼ੂਤੋਸ਼ ਵੀ 40 ਫੀਸਦੀ ਝੁਲਸ ਗਿਆ ਸੀ। ਉਸ ਨੂੰ ਵੀ ਇਲਾਜ ਲਈ ਨੇੜੇ ਦੇ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। ਇਕ ਪੁਲਸ ਅਧਿਕਾਰੀ ਨੇ ਦੱਸਿਆ ਕਿ ਅਪਰਾਧ ਕਰਨ ਤੋਂ ਬਾਅਦ ਮੁਲਜ਼ਮ ਨੇ ਨਜ਼ਦੀਕੀ ਝਰਨੇ ਵਿਚ ਛਾਲ ਮਾਰ ਕੇ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਵੀ ਕੀਤੀ।


ਪੁਲੀਸ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਮੁਲਜ਼ਮ ਨੇ ਕੁਝ ਮਹੀਨੇ ਪਹਿਲਾਂ ਕਾਲਜ ਦੇ ਇੱਕ ਹੋਰ ਸਟਾਫ਼ ਮੈਂਬਰ 'ਤੇ ਚਾਕੂ ਨਾਲ ਹਮਲਾ ਕੀਤਾ ਸੀ। ਉਸ ਘਟਨਾ ਤੋਂ ਬਾਅਦ ਮੁਲਜ਼ਮ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ। ਉਸ ਮਾਮਲੇ ਵਿਚ ਉਹ ਕੁਝ ਹਫ਼ਤੇ ਪਹਿਲਾਂ ਹੀ ਜ਼ਮਾਨਤ 'ਤੇ ਜੇਲ੍ਹ ਤੋਂ ਬਾਹਰ ਆਇਆ ਹੈ। ਉਸ ਨੇ ਜੇਲ੍ਹ ਤੋਂ ਬਾਹਰ ਆਉਣ ਤੋਂ ਬਾਅਦ ਹੀ ਇਸ ਘਟਨਾ ਨੂੰ ਅੰਜਾਮ ਦਿੱਤਾ ਹੈ।







OURR HOME & APPLIANCES
HURRY UP
LIMITED
TIME OFFER
DEALS LIKE NEVER BEFORE
OURR PRICES ARE THE BEST
BEST DEALS ON
LUXURY KITCHEN
APPLIANCES
WE CARRY ALL MAJOR BRANDS
UNBOXED UNITS & NEW IN BOX UNITS AVAILABLE
100% CUSTOMER SATISFACTION
DELIVERY AVAILABLE
*CONDITIONS APPLY
PRICE BEAT GUARANTEE
*CONDITIONS APPLY
USE THE PROMO CODE TO GET DISCOUNT
PROMO CODE - (COURR-2302FLYER)
WE ARE AN AUTHORIZED DEALER FOR ALL MAJOR BRANDS!
KitchenAid moffat MAYTAG LG Electrolux JENNAIR GE AMANA BOSCH Whirlpool SAMSUNG FRIGIDAIRE CAPITAL
UNIT #1, 241 CLARENCE ST BRAMPTON, ON L6W 3E7 (416) 551 3343
44 FASKEN DR. #2-9 ETOBICKOKE, ON M9W 5M8 (416) 792-0877
UNIT #6 410 LEWIS RD, STONEY CREEK, ON L8E 5Y7 (905) 643 0818
UNIT #4 -1540 FANSHAWE PARK ROAD WEST LONDON, ON N6H 5L8 (519) 641-1010
5781 HIGHWAY 7 UNIT 10, VAUGHAN, ON L4L 178 (416) 477 5556
1050 SPEERS ROAD, OAKVILLE, ON, L6L 2X4 (416) 613 0555
416-551-5553
WWW.OURRHOMEAPPLIANCES.COM


Dr. Randhawa Dentistry
Your own dentist who really cares for you
We Provide the following Services:
• Dental Crowns, Veneers & Bridges
• Dental Fillings & Gum Treatment
• Root Canal (RCT), Dentures, Extraction
• Kids Dentistry
• Wisdom Tooth Surgery
• Invisalign (Invisible Braces)
• Digital X-Rays System
• Teeth Cleaning & Whitening
• Cosmetic Dental Treatment
Dr. Samreet Kaur Randhawa
General Family Dentist
New Patients welcome
Deal Directly with all Insurance Companies
• ਸੀਨੀਅਰ ਡਿਸਕਾਊਂਟ
• ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
• ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ
NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111
INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!
FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044
Mayfield Rd
Mcvean Dr
DENTISTRY
Squire Ellis Dr
Gore Rd
Countryside Dr


Grand Upholstery Ltd
Sofa Company Originality in Every Piece
Special on Sale
ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com


ASIAN FOOD CENTRE
Family Day SALE
www.AsianFoodCentre.com
16TH FEB TO 27TH FEB 2023
Fresh Fruits, Vegetables, Indian & Canadian Grocery
$11.99 MEERA WHOLE WHEAT ATTA
$11.99 INDIA GATE ROZZANA RICE
$3.99 KHALSA PANEER
$4.99 ALMONDS
$7.99 AFC SILVER RICE
$12.99 817 RICE
$25.99 VERKA GHEE
$2.79 RUBICON ASST JUICE
$4.99 ASIAN BESAN
$4.29 BRITANNIA MILK RUSK
$2.49 CAVENDISH HASH BROWN PATTIES
$4.29 INDIAN ROOHAFZA
$0.79 BRITANNIA GOOD DAY COOKIES PISTA BADAM FLAVOUR ONLY
$2.79 ITALPASTA ASSORTED PASTA
$6.99 PACHRANGA GULKAND (PP)
$4.99 TASTY BLACK CHANA
$5.99 TASTY URAD DAL
$8.99 DEEP HOMESTYLE PARATHA
$1.99 RESHMA MEHANDI (BLACK/BROWN)
$2.79 DEEP DAHI VADA
$1.49 ASIAN CHANA WITH MURI
$4.99 PACHRANGA GALGAL CAULIFLOWER, TURNIP PICKLE
$3.29 POPULAR PARATHA
$1.99 THAKKAR ASST PARATHA
$1.29 CREMICA COCONUT COOKIES
$3.29 ASIAN PUNJABI WADI
$3.99 MAGGI HOT & SWEET
$3.49 THAKAR MATAR KULCHA
$1.49 ASIAN CHANA WITH FULIA
$1.49 SANTOSH NAAN
$2.79 CREMICA ASST COOKIES
$8.99 MIRCH MASALA FAMILY PARATHA
$7.99 POPULAR PARATHA
$1.49 CREMICA BOURBON COOKIES
$6.99 TASTY FROZEN PEAS
$4.99 NATIONAL ASST SAUCE
$4.99 NATIONAL ASST PICKLE
$2.99 TAZA ROTI
$4.99 TAZA ASST VEG UP
$1.99 NATIONAL CUSTARD
$1.99 NATIONAL DESSERT MIX
$0.99 ALL NATIONAL JELLO
$0.99 CREMICA JEERA COOKIES
$1.49 MARGO NEEM SOAP
VARIETIES OF HOLI COLOURS AVAILABLE
VARIETIES OF SWEETS AVAILABLE
ETOBICOKE 10 Westmore Dr. 416-740-3262 MEAT SHOP AVAILABLE
MISSISSAUGA 1075 Ceremonial Dr. 905-502-1600 MEAT SHOP AVAILABLE
BRAMPTON 621 Wanless Dr. 905-495-3336 MEAT SHOP AVAILABLE
BRAMPTON 2120 N Park Dr. 905-793-1338 MEAT SHOP AVAILABLE
BRAMPTON 80 Pertosa Dr. 905-460-0009
BRAMPTON 40 Airport RD & Lacoste Blvd. 905-794-8109 MEAT SHOP AVAILABLE
BRAMPTON 10510 Torbram Rd. 905-790-0030
BRAMPTON 10 Pannahill Dr. 905-913-8017 MEAT SHOP AVAILABLE
TOLL FREE 1-800-708-9232
We reserve the right to limit the quantity. Prices subject to change without notice, while supplies last. Product images are for illustration purpose only. Design & Print by InfoTech Media